
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕੋ ਬਨਿ ਆਈ ॥

# ਭਾਈ ਘਣੱਈਆ ਸੇਵਾ ਜੋਤੀ

ਸਤੰਬਰ 2008





ਸਮਦਰਸ਼ੀ, ਬ੍ਰਹਮਗਿਆਨੀ, ਅਮਨਦੂਤ ਭਾਈ ਘਣੱਈਆ ਜੀ

# ਭਾਈ ਘਨੱਈਆ ਜੀ ਦੀਆਂ ਸਚਿੱਤਰ ਜੀਵਨ ਝਲਕੀਆਂ



ਨੌਜਵਾਨ ਭਾਈ ਘਨੱਈਆ ਸਾਧੂਆਂ, ਫਕੀਰਾਂ, ਮੰਗਤਿਆਂ ਦੇ ਨਾਲ
ਸੱਚ ਅਤੇ ਸ਼ਾਂਤੀ ਦੀ ਭਾਲ ਵਿੱਚ ।



ਭਾਈ ਘਨੱਈਆ ਜੀ ਸੱਚ ਅਤੇ ਸ਼ਾਂਤੀ ਦੀ ਭਾਲ ਕਰਦੇ ਸ਼੍ਰੀ ਆਨੰਦਪੁਰ ਸਾਹਿਬ ਸ਼੍ਰੀ ਗੁਰੂ ਤੇਗ ਬਹਾਦਰ ਜੀ
ਦੀ ਸ਼ਰਣ ਵਿੱਚ ਪੁੱਜਕੇ ਗੁਰੂ ਘਰ ਦੇ ਪੂਰਨ ਸਿੱਦਕੀ ਸਿੱਖ ਤੇ ਸੇਵਾਦਾਰ ਬਣ ਗਏ ।



ਭਾਈ ਘਨੱਈਆ ਜੀ ਨੇ ਗੁਰੂ ਜੀ ਦੇ ਅਸਤਬਲ ਅਤੇ ਲੰਗਰ ਲਈ
ਜਲ ਢੋਣ ਦੀ ਤਨ ਮਨ ਨਾਲ ਸੇਵਾ ਕਮਾਈ ।

ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ

ਸਾਲ : 24ਵਾਂ ਅੰਕ : ਨੌਵਾਂ ਸਤੰਬਰ 2008 ਕੀਮਤ : ਅਮੁੱਲ

ਫਾਂਉਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',
ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-04503,
ਸਰਪ੍ਰਸਤ : ਮੀਤ ਮਹੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸ੍ਰ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ ।
ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਗੁਰਬਚਨ ਸਿੰਘ ਚੱਢਾ ਲੰਡਨ (U.K.), ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸ੍ਰ: ਜੀ.ਐਸ. ਬਜਾਜ ਦਿੱਲੀ,
ਸ੍ਰ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ ।

**ਸੰਪਾਦਕੀ ਬੋਰਡ**
ਫਾਊਂਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' Ph.2262152,M.98140-75504
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ B.SC.(Medical) B.Ed.
Mob. 98884-00061, Ph. 2262051 (Office)
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ' M.A. B.Ed , ਗੁਰਮੀਤ ਕੌਰ 'ਮੀਤ'

## ਤਤਕਰਾ


| ਲੇਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਅਸੁਨਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਸੱਦਾ ਪੱਤਰ ਸਾਲਾਨਾ ਸਮਾਗਮ ਆਨੰਦਪੁਰ ਸਾਹਿਬ | ਮਹੰਤ ਦਿਲਬਾਗ ਸਿੰਘ 'ਸੇਵਾ ਪੰਥੀ' | 5 |
| ਤਿੰਨ ਰੋਜ਼ਾ ਸਤਿਸੰਗੀ ਯਾਤਰਾ ਸ੍ਰੀ ਆਨੰਦਪੁਰ ਸਾਹਿਬ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 6 |
| ਗੁਰਤਾਗੱਦੀ ਤੀਜੀ ਸ਼ਤਾਬਦੀ ਯਾਤਰਾ ਸ੍ਰੀ ਹਜ਼ੂਰ ਸਾਹਿਬ ਨਾਂਦੇੜ | ਮੈਨੇਜਰ ਜਗਦੇਵ ਸਿੰਘ | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ ਵਿਦੇਸ਼ (ਮਹੰਤ ਸਾਹਿਬ) | ਮੈਨੇਜਰ | 8 |
| ਸੁਖਮਨੀ ਸਾਹਿਬ ਦੀ ਲੜੀਵਾਰ ਕਥਾ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਲੜੀਵਾਰ ਕਥਾ ਬਾਵਨ ਅਖਰੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਭਾਈ ਘਨੱਈਆ ਜੀ ਸੰਬੰਧੀ ਮਹੱਤਵਪੂਰਨ ਜਾਣਕਾਰੀ | ਸੰਪਾਦਕ | 13 |
| ਬੰਸਾਵਲੀ (ਮੁੱਖ ਵਹਿਣ) | ਗਿ: ਸੁਰਜੀਤ ਸਿੰਘ ਤੇ ਸਵ:ਭਗਤ ਸਿੰਘ ਹੀਰਾ | 14 |
| ਨਾਦੀ ਬੰਸਾਵਲੀ | ਸੰਪਾਦਕ | 16 |
| ਏਕਤਾ ਦਾ ਪ੍ਰਤੀਕ ਭਾਈ ਘਨੱਈਆ ਜੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 17 |
| ਬ੍ਰਹਮ ਗਿਆਨੀ ਭਾਈ ਘਨੱਈਆ ਜੀ ਦੀ ਸੇਵਾ ਭਗਤੀ | ਪ੍ਰੋ: ਬ੍ਰਹਮਜਗਦੀਸ਼ ਸਿੰਘ | 20 |
| ਲਾਸਾਨੀ ਸ਼ਖਸੀਅਤ ਦੇ ਮਾਲਕ ਭਾਈ ਘਨੱਈਆ ਜੀ | ਅਮਰਜੀਤ ਕੌਰ | 27 |
| ਪਰਉਪਕਾਰੀ ਭਾਈ ਘਨੱਈਆ ਜੀ | ਬਲਜੀਤ ਸਿੰਘ ਬੱਲੀ | 31 |
| ਅਨਮੋਲ ਬਚਨ | ਸਤੀਸ਼ ਸ਼ਾਹਣੀ | 34 |
| ਮੁੱਖ ਸੇਵਾਦਾਰਾਂ ਦੀ ਸੂਚੀ | ਸੰਪਾਦਕ | 35 |
| ਕੰਠ ਸ਼ੁੱਧ ਗੁਰਬਾਣੀ ਮੁਕਾਬਲੇ ਅਤੇ ਅਰਥ ਬੋਧ ਮੁਕਾਬਲੇ | ਸੇਵਾ ਪੰਥੀ ਗੁਰਮਤਿ ਵਿਦਿਆਲਾ | 39 |
| ਵਰ-ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਅਸੁਨਿ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥
ਮਨਿ ਤਨਿ ਪਿਆਸ ਦਰਸ਼ਨ ਘਣੀ ਕੋਈ ਆਣਿ ਮਿਲਾਵੈ ਮਾਇ ॥
ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥
ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥
ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥
ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ ॥
ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥
ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪੰਚਮੀ | 4 ਸਤੰਬਰ |
| ਸੰਮਤ ਨਾਨਕਸ਼ਾਹੀ | 540 | | ਸੰਗ੍ਰਾਂਦ | 15 ਸਤੰਬਰ |
| ਸੰਮਤ ਖਾਲਸਾ | 310 | ਸਤੰਬਰ 2008 | ਪੂਰਨਮਾਸ਼ੀ | 15 ਸਤੰਬਰ |
| ਸੰਮਤ ਸਾਕਾ | 1930 | | ਮੱਸਿਆ | 29 ਸਤੰਬਰ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਪਹਿਲਾ ਪ੍ਰਕਾਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ................ | 1 ਸਤੰਬਰ |
| ★ ਗੁਰਗੱਦੀ ਸ੍ਰੀ ਗੁਰੂ ਰਾਮਦਾਸ ਜੀ | 13 ਸਤੰਬਰ | 16 ਸਤੰਬਰ |
| ★ ਜੋਤੀ ਜੋਤਿ ਸ੍ਰੀ ਗੁਰੂ ਅਮਰਦਾਸ ਜੀ | 15 ਸਤੰਬਰ | 16 ਸਤੰਬਰ |
| ★ ਗੁਰਗੱਦੀ ਸ੍ਰੀ ਗੁਰੂ ਅਰਜਨ ਦੇਵ ਜੀ | 1 ਸਤੰਬਰ | 16 ਸਤੰਬਰ |
| ★ ਜੋਤੀ ਜੋਤਿ ਸ੍ਰੀ ਗੁਰੂ ਰਾਮਦਾਸ ਜੀ | 2 ਸਤੰਬਰ | 16 ਸਤੰਬਰ |
| ★ ਗੁਰਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ | 19 ਸਤੰਬਰ | 18 ਸਤੰਬਰ |
| ★ ਜੋਤੀ ਜੋਤਿ ਸ੍ਰੀ ਗੁਰੂ ਨਾਨਕ ਦੇਵ ਜੀ | 24 ਸਤੰਬਰ | 22 ਸਤੰਬਰ |
| ★ ਜਨਮ ਬਾਬਾ ਸ੍ਰੀ ਚੰਦ੍ ਜੀ ਮਹਾਰਾਜ ਉਦਾਸੀਨ | 9 ਸਤੰਬਰ | ................ |
| ★ ਸ਼ਰਾਧ ਸ਼ੁਰੂ | 15 ਸਤੰਬਰ | ................ |
| ★ ਬਰਸੀ ਬਾਬਾ ਬੁੱਢਾ ਜੀ | 18 ਸਤੰਬਰ | 19 ਸਤੰਬਰ |
| ★ ਸ਼ਰਾਧ ਸਮਾਪਤ | 29 ਸਤੰਬਰ | ................ |
| ★ ਨਵਰਾਤਰੇ ਸ਼ੁਰੂ | 30 ਸਤੰਬਰ | ................ |
| ★ ਬੈਂਕ ਹਾਲੀਡੇ | 30 ਸਤੰਬਰ | ................ |

**ਸੰਪਾਦਕੀ**

# ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ

ਸੰਸਕ੍ਰਿਤ ਭਾਸ਼ਾ ਤੋਂ ਆਏ ਅਤੇ ਪੰਜਾਬੀ ਦੇ ਪ੍ਰਚਲਿੱਤ ਰੂਪ 'ਸੇਵਾ' ਸ਼ਬਦ ਇੱਕ ਸਮਾਨ ਹਨ, ਜਿਸ ਦੇ ਆਮ ਅਰਥ ਉਪਾਸਨਾ, ਖਿਦਮਤ, ਟਹਿਲ, ਦਾਸਤਾ ਆਦਿ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਇਹ ਵੱਖ-ਵੱਖ ਸ਼ਬਦ-ਜੋੜਾਂ ਜਿਵੇਂ ਸੇਵਾ, ਸੇਵੀ, ਸੇਵਿਆ, ਸੇਵਿਐ, ਸੇਵਿਹ, ਸੇਵੀਐ, ਸੇਵ, ਸੇਵੈ ਆਦਿ ਦੇ ਰੂਪ ਵਿੱਚ ਆਏ ਹਨ ਤੇ ਬਾਣੀ ਵਿੱਚ ਇਨ੍ਹਾਂ ਦੀ ਭਰਪੂਰ ਵਰਤੋਂ ਮਿਲਦੀ ਹੈ । ਇੱਕ ਸੰਕਲਪ ਦੇ ਰੂਪ ਵਿੱਚ ਸੇਵਾ ਨੂੰ ਗੁਰਬਾਣੀ ਵਿੱਚ ਯੋਗ ਥਾਂ ਵੀ ਪ੍ਰਾਪਤ ਹੈ । ਗੁਰਮਤਿ ਵਿੱਚ ਸੇਵਾ ਦੀ ਬੜੀ ਮਹੱਤਤਾ ਤੇ ਮਹਾਨਤਾ ਦਰਸਾਈ ਗਈ ਹੈ । ਪ੍ਰਮਾਣਿਤ ਹੈ ਕਿ ਗੁਰਤਾ-ਗੱਦੀ ਦੇਣ ਸਮੇਂ ਗੁਰੂ ਸਾਹਿਬਾਨ ਨੇ ਗੁਰੂ ਘਰ ਦੇ ਸੇਵਾਦਾਰਾਂ ਦੀ ਸੇਵਾ ਨੂੰ ਮੁੱਖ ਰੱਖ ਕੇ ਭਾਈ ਲਹਿਣਾ ਜੀ, ਗੁਰੂ ਅਮਰਦਾਸ ਜੀ ਤੇ ਭਾਈ ਜੇਠਾ ਜੀ ਨੂੰ ਗੁਰੂ ਗੱਦੀਆ ਦੀ ਬਖ਼ਸ਼ਿਸ਼ ਹੋਈ ।

ਗੁਰਮਤਿ ਅਨੁਸਾਰ ਸੇਵਾ ਦਾ ਇਹ ਪ੍ਰਸੰਗ ਕਿਸੇ ਹੱਦ - ਬੰਦੀ ਵਿੱਚ ਨਹੀਂ ਹੈ ਜੋ ਇੱਕ ਦਿਨ, ਦੋ ਦਿਨ ਜਾਂ ਜ਼ਿੰਦਗੀ ਦੇ ਇੱਕ ਖਾਸ ਹਿੱਸੇ ਵਿੱਚ ਖਤਮ ਜਾਂ ਪੂਰਾ ਹੋ ਜਾਣਾ ਹੈ । ਇਹ ਸਿੱਖ ਦੀ ਜ਼ਿੰਦਗੀ ਦਾ ਇੱਕ ਨਿਰੰਤਰ ਧਾਰਮਿਕ ਕਰਮ ਹੈ ਕਿਉਂਕਿ ਸੇਵਾ ਮਨੁੱਖ ਨੇ ਉਦੋਂ ਤੱਕ ਕਰਣੀ ਹੈ ਜਦੋਂ ਤੱਕ ਉਸ ਅੰਦਰ ਸੁਆਸ ਹਨ । ਇਸ ਤਰ੍ਹਾਂ ਸੇਵਾ ਨੂੰ ਸਿੱਖ ਧਰਮ ਵਿੱਚ ਬਹੁਤ ਵੱਡਾ ਸਥਾਨ ਪ੍ਰਾਪਤ ਹੈ । ਸਤਿਗੁਰ ਕੀ ਸੇਵਾ ਧੁਰਿ ਫੁਰਮਾਈ ।" ਇਹ ਸਿਧਾਂਤਕ ਸਤਿ ਹੈ ਕਿ ਸਾਰਿਆਂ ਵਿੱਚ ਇੱਕ ਹੀ ਜੋਤਿ ਵਸ ਰਹੀ ਹੈ । ਇਸ ਸਤਿ ਦਾ ਗਿਆਨ ਮਨੁੱਖ ਨੂੰ ਸਤਿਗੁਰ ਦੀ ਸੇਵਾ ਰਾਹੀਂ ਪ੍ਰਾਪਤ ਹੋ ਜਾਂਦਾ ਹੈ । ਜਦੋਂ ਇਸ ਗਿਆਨ ਦਾ ਪ੍ਰਕਾਸ਼ ਮਨੁੱਖ ਦੇ ਅੰਦਰ ਹੋ ਜਾਂਦਾ ਹੈ । ਤਾਂ ਜੋਤੀ ਜੋਤਿ ਵਿੱਚ ਮਿਲਣ ਦਾ ਰਹੱਸ ਸਮਝ ਆ ਜਾਂਦਾ ਹੈ ।

ਇਸ ਤਰ੍ਹਾਂ ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ ਬਿਲਕੁਲ ਵਿਲੱਖਣ ਨਰੋਆ ਅਤੇ ਨਵੀਨ ਸਕੰਲਪ ਹੈ । ਇਹ ਸਿੱਖ ਚਿੰਤਨ ਦੇ ਹੋਰ ਸੰਕਲਪਾਂ ਦੀ ਤਰ੍ਹਾਂ ਹੀ ਨਾਂ ਤਾ ਹਿੰਦੂ ਧਰਮ ਦੀ ਨਿਰੰਤਰਤਾ ਹੈ ਜਿਵੇਂ ਕਿ ਇਹ ਕਈ ਵਿਦਵਾਨਾਂ ਦਾ ਖਿਆਲ ਹੈ । ਸਿੱਖ ਧਰਮ ਕਿਸੇ ਵਕਤੀ ਪ੍ਰਾਪਤੀ ਲਈ ਉੱਚੀ ਸੁਧਾਰਵਾਦੀ ਲਹਿਰ ਵੀ ਨਹੀਂ ਹੈ ਅਤੇ ਇੱਕ ਵਿਧੀਵੱਤ ਧਰਮ ਹੈ ਅਤੇ ਇਸ ਦਾ ਇਲਹਾਮ ਗੁਰੂਆਂ ਨੂੰ ਇੱਕ ਨਿਰੰਤਰਤਾ ਵਿੱਚ ਹੋਇਆ ਹੈ, ਬਾਣੀ ਗੁਰੂ ਵਿਅਕਤੀਆਂ ਦਾ ਅਕਾਲ-ਪੁਰਖ ਨਾਲ ਲਗਾਤਾਰ ਸੰਬਾਦ ਹੈ । ਸਿੱਖ-ਧਰਮ, ਇਸਲਾਮ ਅਤੇ ਹਿੰਦੂ ਧਰਮ ਦੇ ਚੰਗੇ ਅਸੂਲਾਂ ਜਾਂ ਸੰਕਲਪਾਂ ਦੀ ਸਮਨਵੈ ਵੀ ਨਹੀਂ ਹੈ ਕਿਉਂਕਿ ਕੋਈ ਵੀ ਇਲਹਾਮੀ ਧਰਮ ਸਮਨਵੈ ਨਹੀਂ ਹੋਇਆ ਕਰਦਾ ।

ਸਿੱਖ ਚਿੰਤਨ ਵਿੱਚ ਸੇਵਕ ਦੇ ਦੋ ਰੂਪ ਗੁਰਮਤਿ ਵਿੱਚ ਮੁਖ ਤੌਰ ਤੇ ਪ੍ਰਸਤੁਤ ਹੋਏ ਹਨ । ਨੰਬਰ ਇਕ ਸੇਵਕ ਵਾਸਤੇ ਜਰੂਰੀ ਹੈ ਕਿ ਉਹ ਮਨ ਤਨ ਸਉਪ ਆਗੈ ਧਰੈ ਹਉਮੈ ਵਿਚਹੁ ਮਾਰੁ ਦਾ ਧਾਰਨੀ ਹੋਵੇ । ਦੂਜੇ ਸੇਵਕ ਵਾਸਤੇ ਸਿਰਲੱਥ ਹੋਣਾ ਜਰੂਰੀ ਹੈ । 'ਸਿਰ ਧਰੇ ਉਤਾਰ' ਜਾਂ ਬਿਨੁ ਸਿਰ ਸੇਵ ਕਰੀਜੈ ਦੇ ਹਵਾਲੇ ਗੁਰਬਾਣੀ ਵਿੱਚ ਆਉਂਦੇ ਹਨ । ਸਿਰ ਹਉਮੈਂ ਦਾ ਪ੍ਰਤੀਕ ਹੈ ਅਤੇ ਹਉਮੈ ਵਿੱਚ ਕੀਤੇ ਹੋਏ ਸਾਰੇ ਕਰਮ 'ਬਧਾ ਚਟੀ' ਵਾਲੇ ਕਰਮ ਹਨ ।

ਅਜਿਹੇ ਕਰਮ ਗੁਣ ਅਤੇ ਉਪਕਾਰ ਤੋਂ ਖਾਲੀ ਹੁੰਦੇ ਹਨ। ਹਉਮੈ ਵਿੱਚੋਂ ਪੈਦਾ ਹੋਏ ਲੋਕਾਚਾਰ ਦੀ ਚੇਤਨਤਾ ਸੇਵਾ ਦੇ ਅਸਲੀ ਸੰਦਰਭ ਨੂੰ ਗੁਆ ਦਿੰਦੀ ਹੈ। ਗੁਰਬਾਣੀ ਵਿੱਚ ਹਉਮੈ ਅਧੀਨ ਪੈਦਾ ਸਮਾਜਕ ਚੋਧਰ ਨਾਲ ਸੰਬਧਿਤ ਨੂੰ ਗੁਆ ਦਿੰਦੀ ਹੈ। ਗੁਰਬਾਣੀ ਵਿੱਚ ਹਉਮੈ ਅਧੀਨ ਪੈਦਾ ਸਮਾਜਕ ਚੋਧਰ ਨਾਲ ਸੰਬਧਿਤ ਫੌਕੇ ਭੈ ਨੂੰ 'ਸਿਲਕ' ਆਖਿਆ ਹੈ। ਇਹ ਸੰਗ ਜਾਂ ਸਿਲਕ ਆਤਮਿਕ ਚਾਹਤ ਦੇ ਸਤਿ ਨੂੰ ਦਬਾ ਕੇ ਮਨ ਦੀ ਹਉਮੈ ਦੇ ਫੋਕੇ ਝੂਠ ਨੂੰ ਅਗੇ ਲੈ ਆਉਂਦੀ ਹੈ। ਇਸ ਲਈ ਇਸ ਸਤੰਰਭ ਵਿੱਚ ਸੇਵਾ ਨੂੰ ਪ੍ਰਭੂ ਕ੍ਰਿਪਾ ਜਾਂ ਬਖਸ਼ਿਸ਼ ਆਖਿਆ ਹੈ ਇਹ ਬਖ਼ਸ਼ਿਸ਼ ਜਿਸ ਮਨੁੱਖ ਤੇ ਹੁੰਦੀ ਹੈ ਉਸ ਦਾ ਫੋਕਾ ਅਭਿਆਨ ਖਤਮ ਹੋ ਜਾਂਦਾ ਹੈ। ਇਹੀ ਹੁਕਮ ਅਨੁਸਾਰ ਜੀਵੀ ਜਾ ਰਹੀ ਜੁਗਤਿ ਹੈ ਅਤੇ ਹੁਕਮ ਦਾ ਸੇਵਕ ਦੇ ਮਨ ਵਿੱਚ ਵਸ ਜਾਣਾ ਹੈ। ਇਹ ਸਿਲਕ ਦਾ ਕਟਿਆ ਜਾਣਾ ਹੈ ਅਤੇ ਸੇਵਾ ਵਿੱਚ ਲੱਗ ਜਾਣਾ ਹੈ। ਇਹ ਮਨ ਤੇ ਤਨ ਦਾ ਅਰਪਣ ਹੈ ਅਤੇ 'ਲਾਜ' ਲੋਕਾਨੀ ਦਾ ਭਜਣਾ ਹੈ।

ਗੁਰਬਾਣੀ ਅਨੁਸਾਰ ਸੇਵਾ ਵਿਸ਼ਵਾਸ ਦੀ ਨਿਰੰਤਰਤਾ ਹੈ, ਅਮਲ ਦੀ ਪਕਿਆਈ ਹੈ, ਹੁਕਮ ਦੀ ਪਾਲਣਾ ਹੈ, ਰਜ਼ਾ ਵਾਲਾ ਜੀਵਨ ਹੈ। ਅਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦਾ ਸੁਭਾਅ ਹੈ ਸਵੈ ਗੁਰਮਤਿ ਅਨੁਸਾਰ ਸਵੈ-ਸਮਰਪਣ ਹੈ। ਅਸੂਲਾਂ ਤੇ ਪਹਿਰਾ ਹੈ, ਸਿਧਾਂਤ ਦੀ ਸਨਮੁਖਤਾ ਹੈ ਅਤੇ ਸ਼ਹੀਦੀ ਤੇ ਮੁਰੀਦੀ ਲਈ ਤਤਪਰਤਾ ਹੈ। ਅਜਿਹੇ ਲਛਣ ਬਾਕੀ ਧਰਮ ਚੇਤਨਾ ਦੀਆਂ ਪਰੰਪਰਾਵਾਂ ਵਿੱਚ ਅਤੇ ਸੇਵਾ ਨਾਲ ਸਬੰਧਿਤ ਸਾਹਿਤ ਵਿੱਚ ਪ੍ਰਾਪਤ ਨਹੀਂ ਹਨ। ਇਹ ਗੁਰਮਤਿ ਦੀ ਹੀ ਸੁਤੰਤਰ ਤੇ ਵਿਲੱਖਣ ਦੇਣ ਹੈ। ਇਹੀ ਗੁਰਮਤਿ ਦੀ ਸੁਤੰਤਰ ਅਤੇ ਵਿਲੱਖਣ ਦੇਣ ਦਾ ਅਧਾਰ ਹੈ। ਭਾਈ ਘਨੱਈਆ ਸੇਵਾ ਜੋਤੀ ਸੇਵਾ ਦੇ ਸਕੰਲਪ ਨੂੰ ਅਮਲੀ ਰੂਪ ਵਿੱਚ ਰੂਪਮਾਨ ਕਰਨ ਦਾ ਇਕ ਮਾਧਿਆਮ ਹੈ ਜੋ ਤੁਹਾਡੇ ਹੱਥਾਂ ਵਿੱਚ ਹੈ।

ਸੇਵਾ ਦਾ ਮੁਤਲਾਸ਼ੀ,
ਚਮਨ ਸਿੰਘ 'ਚਮਨ'
ਮੁੱਖ ਸੰਪਾਦਕ


ੴ ਸਤਿਗੁਰ ਪ੍ਰਸਾਦਿ ॥

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥

ਬ੍ਰਹਮਗਿਆਨੀ ਸ਼੍ਰੀਮਾਨ 108 ਮਹੰਤ ਭਾਈ ਭੱਲਾ ਰਾਮ ਜੀ ਦਾ 211ਵਾਂ, ਸ਼੍ਰੀਮਾਨ 108 ਮਹੰਤ ਪਰਸ ਰਾਮ ਜੀ ਦਾ 84ਵਾਂ, ਸ਼੍ਰੀਮਾਨ 108 ਮਹੰਤ ਭਾਈ ਰਾਮ ਚੰਦ ਜੀ ਦੀ 44ਵੀਂ ਬਰਸੀ ਅਤੇ ਸ਼੍ਰੀਮਾਨ 108 ਸੰਤ ਭਗਵਾਨ ਸਿੰਘ ਜੀ ਦੀ 23ਵੀਂ ਪਾਵਨ ਯਾਦ ਵਿੱਚ

# ਸਾਲਾਨਾ ਯੱਗ-ਸਮਾਗਮ

ਮਿਤੀ 9, 10, 11, ਸਤੰਬਰ 2008 ਦਿਨ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ ਨੂੰ ਬੜੇ ਉਤਸ਼ਾਹ ਸਰਧਾ ਤੇ ਪ੍ਰੇਮ ਨਾਲ ਮਨਾਈ ਜਾ ਰਹੀ ਹੈ। ਜਿਸ ਵਿੱਚ ਉੱਚ ਕੋਟੀ ਦੇ ਮਹਾਂਪੁਰਖ ਗੁਣੀ ਗਿਆਨੀ ਅਤੇ ਗੁਰੂ ਘਰ ਦੇ ਕੀਰਤਨੀਏ ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਨਗੇ। ਸੋ ਆਪ ਜੀ ਉਪਰੋਕਤ ਪ੍ਰੋਗਰਾਮ ਅਨੁਸਾਰ ਟਿਕਾਣਾ ਭਾਈ ਭੱਲਾ ਰਾਮ ਜੀ ਕਲਾਨੌਰ ਪਹੁੰਚ ਕੇ ਮਹਾਂਪੁਰਖਾਂ ਦੀਆਂ ਅਸੀਸਾਂ ਪ੍ਰਾਪਤ ਕਰੋ।

ਸਾਧ ਸੰਗਤ ਦੇ ਦਾਸ

ਮਹੰਤ ਹਰਨਾਮ ਸਿੰਘ 'ਸੇਵਾ ਪੰਥੀ'
ਟਿਕਾਣਾ ਭਾਈ ਭੱਲਾ ਰਾਮ ਜੀ, ਕਲਾਨੌਰ
ਫੋਨ : 01258-222550

ਮਹੰਤ ਕਾਹਨ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਮੀਤ ਪ੍ਰਧਾਨ, ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:)
ਅੰਮ੍ਰਿਤਸਰ ਫੋਨ : 098140-04503

☬ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ☬

# ਸੇਵਾ ਸਥਾਨ ਭਾਈ ਘਨੱਈਆ ਜੀ
# ਸ੍ਰੀ ਆਨੰਦਪੁਰ ਸਾਹਿਬ (ਰੋਪੜ) ਵਿਖੇ

## ਮਿਤੀ 18, 19 ਤੇ 20 ਸਤੰਬਰ 2008 ਦਿਨ ਵੀਰਵਾਰ, ਸ਼ੁੱਕਰਵਾਰ ਤੇ ਸ਼ਨੀਵਾਰ ਨੂੰ

ਬ੍ਰਹਮ ਗਿਆਨੀ ਮੁਕਟਮਣੀ ਭਾਈ ਘਨੱਈਆ ਜੀ ਦੀ ਬਰਸੀ

**ਅਥਵਾ**

## ਸਾਲਾਨਾ ਸੰਤ ਪੁਰਬ

ਸਰਬੱਤ ਸੇਵਾ ਪੰਥੀ ਟਿਕਾਣਿਆਂ (ਸੇਵਾ ਕੇਂਦਰਾਂ) ਦੇ ਪੂਜਨੀਕ ਸੰਤਾਂ-ਮਹੰਤਾਂ, ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:) ਦੇ ਸਭ ਨਗਰਾਂ ਦੇ ਯੂਨਿਟਾਂ ਅਤੇ ਸਮੂਹ ਪ੍ਰੇਮੀ ਸੰਗਤਾਂ ਦੀ ਸੇਵਾ ਵਿੱਚ ਸਨਿਮਰ ਬੇਨਤੀ ਹੈ ਕਿ ਸੇਵਾ ਦੇ ਪੁੰਜ, ਅਮਨਦੂਤ, ਮਾਨਵ-ਪ੍ਰੇਮੀ, ਸਮਦਰਸ਼ੀ, ਬ੍ਰਹਮ-ਗਿਆਨੀ ਭਾਈ ਘਨੱਈਆ ਜੀ ਦੀ ਸਾਲਾਨਾ ਬਰਸੀ, ਸਮੁੱਚੇ ਸੇਵਾ ਪੰਥ ਵੱਲੋਂ ਬੜੀ ਸ਼ਰਧਾ, ਪ੍ਰੇਮ ਤੇ ਉਤਸ਼ਾਹ ਨਾਲ ਉਪਰੋਕਤ ਅਨੁਸਾਰ ਮਨਾਈ ਜਾ ਰਹੀ ਹੈ ।

## ਪ੍ਰੋਗਰਾਮ

19 ਸਤੰਬਰ 2008 ਦਿਨ ਸ਼ੁੱਕਰਵਾਰ ਰਾਤ ਨੂੰ ਮਹਾਨ ਕੀਰਤਨ-ਦਰਬਾਰ ਹੋਵੇਗਾ ਜਿਸ ਵਿੱਚ ਉੱਚ ਕੋਟੀ ਦੇ ਕੀਰਤਨੀ ਜਥੇ ਗੁਰਬਾਣੀ ਦੇ ਰਸ-ਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ।

20 ਸਤੰਬਰ 2008 ਦਿਨ ਸ਼ਨੀਵਾਰ ਨੂੰ ਬਰਸੀ ਦਿਹਾੜੇ ਸਵੇਰੇ 8 ਵਜੇ ਤੋਂ 1 ਵਜੇ ਤੱਕ ਵਿਸ਼ੇਸ਼ ਦੀਵਾਨ ਸਜੇਗਾ, 11 ਤੋਂ 1 ਵਜੇ ਤੱਕ ਸੰਤ-ਸੰਮੇਲਨ ਹੋਵੇਗਾ ਜਿਸ ਵਿੱਚ ਸੇਵਾ ਪੰਥੀ ਡੇਰਿਆਂ ਦੇ ਸੰਤ-ਮਹੰਤ ਆਪਣੇ ਮਨੋਹਰ ਪ੍ਰਵਚਨ ਸਰਵਣ ਕਰਾਉਣਗੇ । ਸੰਗਤਾਂ ਨੇ ਹੁੰਮਾ-ਹੁੰਮਾ ਕੇ ਸਮਾਗਮ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ, ਹਾਰਦਿਕ ਧੰਨਵਾਦੀ ਹੋਵਾਂਗੇ ।

ਸੱਚ ਖੰਡ ਵਾਸੀ ਮਹੰਤ ਤੀਰਥ ਸਿੰਘ ਜੀ ਦੀ ਯਾਦ ਵਿੱਚ ਯੱਗ-ਭੰਡਾਰਾ ਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ । ਸੰਤ ਰਣਜੀਤ ਸਿੰਘ ਜੀ ਵੱਲੋਂ ਇਹ ਸੇਵਾ ਕੀਤੀ ਜਾਵੇਗੀ ।

ਦਰਸ਼ਨ ਅਭਿਲਾਸ਼ੀ

ਸਾਧ -ਸੰਗਤ ਦੇ ਦਾਸ

-ਸੰਗਤ ਦੇ ਦਾਸ
(ਮਹੰਤ) ਦਿਲਬਾਗ ਸਿੰਘ 'ਸੇਵਾ ਪੰਥੀ'
ਸੇਵਾ ਸਥਾਨ ਭਾਈ ਘਨੱਈਆ ਜੀ
ਸ੍ਰੀ ਆਨੰਦਪੁਰ ਸਾਹਿਬ
ਜ਼ਿਲ੍ਹਾ ਰੋਪੜ ।
ਫੋਨ : 01887-232349

(ਮਹੰਤ) ਕਾਹਨ ਸਿੰਘ 'ਸੇਵਾ ਪੰਥੀ'
ਮੀਤ ਪ੍ਰਧਾਨ
ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:), ਅੰਮ੍ਰਿਤਸਰ
ਟਿਕਾਣਾ ਭਾਈ ਜਗਤਾ ਜੀ ਸਾਹਿਬ,
ਗੋਨਿਆਣਾ ਮੰਡੀ (ਬਠਿੰਡਾ)
ਮੋਬਾ: 98140-04503

ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਦੀ ਤੀਜੀ ਸ਼ਤਾਬਦੀ ਨੂੰ ਸਮਰਪਿਤ

**ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਤੋਂ**

ਮਿਤੀ 18, 19, 20 ਸਤੰਬਰ 2008 ਨੂੰ ਤਿੰਨ ਰੋਜ਼ਾ

ਸ੍ਰੀ ਆਨੰਦਪੁਰ ਸਾਹਿਬ ਤੇ ਹੋਰ ਗੁਰਧਾਮਾਂ ਦੀ ਬੱਸਾਂ ਰਾਹੀਂ

# ਸਤਿਸੰਗੀ ਯਾਤਰਾ

## ਮਿਤੀ 18 ਸਤੰਬਰ 2008 ਦਿਨ ਵੀਰਵਾਰ

ਸਵੇਰੇ 6 ਵਜੇ ਟਿਕਾਣਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਸਾਹਿਬ ਭਗਤਾ (ਨਾਸ਼ਤਾ), ਤਖਤੂਪੁਰਾ, ਦੀਨਾਂ ਕਾਂਗੜ, ਮਹਿੰਦੇਆਣਾ ਸਾਹਿਬ, ਗੁਰਦੁਆਰਾ ਆਲਮਗੀਰ ਸਾਹਿਬ (ਦੁਪਹਿਰ ਦਾ ਲੰਗਰ), ਰਾੜਾ ਸਾਹਿਬ, ਮਾਛੀਵਾੜਾ ਰਾਤ ਵਿਸ਼ਰਾਮ ।

## ਮਿਤੀ 19 ਸਤੰਬਰ 2008 ਦਿਨ ਸ਼ੁਕਰਵਾਰ

ਮਾਛੀਵਾੜਾ ਤੋਂ ਸਵੇਰੇ ਚੱਲ ਕੇ ਚਮਕੌਰ ਸਾਹਿਬ, ਗੁਰਦੁਆਰਾ ਭੱਠਾ ਸਾਹਿਬ (ਰੋਪੜ), ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ, ਕੀਰਤਪੁਰ ਸਾਹਿਬ, ਸੇਵਾ ਸਥਾਨ ਭਾਈ ਘਨੱਈਆ ਜੀ ਸ੍ਰੀ ਆਨੰਦਪੁਰ ਸਾਹਿਬ ਰਾਤੀ ਕੀਰਤਨ ਦਰਬਾਰ ਵਿੱਚ ਹਾਜਰੀਆਂ ਤੇ ਵਿਸ਼ਰਾਮ ।

## ਮਿਤੀ 20 ਸਤੰਬਰ 2008 ਦਿਨ ਸ਼ਨੀਵਾਰ

ਸ੍ਰੀ ਆਨੰਦਪੁਰ ਸਾਹਿਬ ਦੇ ਸਥਾਨਿਕ ਗੁਰਦੁਆਰਿਆਂ ਦੇ ਦਰਸ਼ਨ, ਸਵੇਰੇ 10 ਵਜੇ ਤੋਂ 1.00 ਵਜੇ ਤੱਕ ਸੰਤ ਪੁਰਬ ਸਮਾਗਮ ਵਿੱਚ ਹਾਜਰੀ ਜਰੂਰੀ । ਸਮਾਪਤੀ ਉਪਰੰਤ ਗੁਰੂ ਕਾ ਲੰਗਰ, ਵਾਪਸੀ 2 ਵਜੇ, ਦਰਸ਼ਨ ਗੁਰਦੁਆਰਾ ਪਰਿਵਾਰ ਵਿਛੋੜਾ, ਗੁਰਦੁਆਰਾ ਫਤਿਹਗੜ੍ਹ ਸਾਹਿਬ ਸਰਹਿੰਦ, ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ, ਪਹੁੰਚ ਟਿਕਾਣਾ ਸਾਹਿਬ ।

## ਯਾਤਰੀਆਂ ਲਈ ਜਰੂਰੀ ਜਾਣਕਾਰੀ ਅਤੇ ਸੂਚਨਾਵਾਂ :

1. ਬਠਿੰਡਾ ਬੱਸ ਸਰਵਿਸ ਦੀਆਂ ਵਧੀਆਂ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਹੈ ।
2. ਬੱਸ ਦਾ ਕਿਰਾਇਆ 400 ਰੁਪਏ, 10 ਸਾਲ ਤੱਕ ਦੇ ਬੱਚੇ ਦੀ ਅੱਧੀ ਟਿਕਟ ਲੱਗੇਗੀ ।
3. ਸੀਟਾਂ ਦੀ ਬੁਕਿੰਗ ਪਹਿਲਾਂ ਆਓ ਪਹਿਲਾਂ ਪਾਓ ਦੇ ਆਧਾਰ ਤੇ ਹੋਵੇਗੀ ।
4. ਹਰ ਯਾਤਰੀ ਲਈ ਸਮੇਂ ਦਾ ਪਾਬੰਦ ਹੋਣਾ ਜਰੂਰੀ ਹੋਵੇਗਾ ।
5. ਯਾਤਰੀਆਂ ਲਈ ਕਿਸੇ ਪ੍ਰਕਾਰ ਦਾ ਨਸ਼ਾ ਕਰਨ ਦੀ ਸਖਤ ਮਨਾਹੀ ਹੈ ।
6. ਯਾਤਰਾ ਵਿੱਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨ ਦਾ ਅਧਿਕਾਰ ਪ੍ਰਬੰਧਕਾਂ ਨੂੰ ਹੋਵੇਗਾ ।
7. ਯਾਤਰਾ ਦੌਰਾਨ ਬਾਣੀ ਦਾ ਪਾਠ, ਨਾਮ ਸਿਮਰਨ ਕਰਨਾ ਜਰੂਰੀ ਹੋਵੇਗਾ ।
8. ਸੰਗਤਾਂ ਲੰਗਰ ਇਕੱਠੀਆਂ ਛਕਣਗੀਆਂ ।

## ਸੀਟਾਂ ਦੀ ਬੁਕਿੰਗ ਕਰਾਉਣ ਅਤੇ ਹੋਰ ਪੁੱਛ-ਗਿੱਛ ਲਈ ਹੇਠ ਲਿਖਿਆਂ ਨਾਲ ਸੰਪਰਕ ਕਰੋ :

**ਬਲਬੀਰ ਸਿੰਘ, ਪ੍ਰਧਾਨ**
ਭਾਈ ਘਨੱਈਆ ਸੇਵਾ ਸੁਸਾਇਟੀ
ਫੋਨ : 0164-2262305
ਮੋ: 98148-63305

**ਜਗਦੇਵ ਸਿੰਘ**
ਮੈਨੇਜਰ
ਟਿਕਾਣਾ ਭਾਈ ਜਗਤਾ ਜੀ ਸਾਹਿਬ
ਫੋਨ : 0164-2262012

**ਵਿਸ਼ੇਸ਼ ਨੋਟ :**
ਸੱਚਖੰਡਵਾਸੀ ਮਹੰਤ ਤੀਰਥ ਸਿੰਘ 'ਸੇਵਾ ਪੰਥੀ' ਦੀ ਯਾਦ ਵਿੱਚ ਵਿਸ਼ੇਸ਼ ਯੱਗ ਭੰਡਾਰਾ ਤੇ ਗੁਰੂ ਲੰਗਰ ਦੀ ਸੇਵਾ ਸੰਤ ਰਣਜੀਤ ਸਿੰਘ 'ਸੇਵਾ ਪੰਥੀ' ਜ਼ੁੰਮੇ ਹੋਵੇਗੀ ।

ਵੱਲੋਂ :

(ਸੰਤ) ਹਰਪਾਲ ਸਿੰਘ 'ਸੇਵਾ ਪੰਥੀ'
(ਸੰਤ) ਜਗਜੀਤ ਸਿੰਘ 'ਸੇਵਾ ਪੰਥੀ'
ਮੋ : 98140-90142

(ਮਹੰਤ) ਕਾਹਨ ਸਿੰਘ 'ਸੇਵਾ ਪੰਥੀ' ਮੋ : 98140-04503
(ਮੀਤ ਮਹੰਤ) ਰਣਜੀਤ ਸਿੰਘ 'ਸੇਵਾ ਪੰਥੀ' ਮੋ: 98140-35191

**ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ, ਪੰਜਾਬ)**

ੴ ਵਹਿਗੁਰੂ ਜੀ ਕੀ ਫਤਹਿ ॥

ਸਭ ਸਿੱਖਨ ਕੋ ਹੁਕਮੁ ਹੈ ਗੁਰੂ ਮਾਨਿਓ ਗ੍ਰੰਥ ॥

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਦੀ

# ਤੀਜੀ ਸ਼ਤਾਬਦੀ

## ਮਿਤੀ 30 ਅਕਤੂਬਰ 2008 ਦਿਨ ਵੀਰਵਾਰ ਨੂੰ

# ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦਾ

# 300 ਸਾਲਾ ਜੋਤੀ ਜੋਤ ਗੁਰਪੁਰਬ

## ਮਿਤੀ 3 ਨਵੰਬਰ 2008 ਦਿਨ ਸੋਮਵਾਰ ਨੂੰ

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ (ਮਹਾਰਾਸ਼ਟਰ)

ਦੇ ਪਾਵਨ ਗੁਰਧਾਮਾਂ ਦੇ ਦਰਸ਼ਨਾਂ ਤੇ ਸਮਾਗਮਾਂ ਵਿੱਚ ਸ਼ਾਮਲ ਹੋਣ ਅਤੇ ਸੇਵਾ ਕੈਂਪਾਂ ਵਿੱਚ ਸੇਵਾ ਕਮਾਉਣ ਵਾਲਿਆਂ ਦੀ ਸੁਵਿੱਧਾ ਨੂੰ ਮੁੱਖ ਰੱਖਦਿਆਂ

ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ ਗੋਨਿਆਣਾ ਮੰਡੀ (ਬਠਿੰਡਾ) ਦੀ ਸਰਪ੍ਰਸਤੀ ਹੇਠ

ਯਾਤਰਾ ਨੰ : 1 20 ਅਕਤੂਬਰ 2008 ਤੋਂ 4 ਨਵੰਬਰ 2008 ਤੱਕ

ਯਾਤਰਾ ਨੰ : 2 20 ਅਕਤੂਬਰ 2008 ਤੋਂ 26 ਅਕਤੂਬਰ 2008 ਤੱਕ

## ਰੇਲ ਗੱਡੀ ਰਾਹੀ ਯਾਤਰਾ -ਪ੍ਰੋਗਰਾਮ

ਵਿਸ਼ੇਸ਼ ਨੋਟ : ਮਿਤੀ 19 ਅਕਤੂਬਰ ਬਾਦ ਦੁਪਹਿਰ 2:00 ਵਜੇ ਟਿਕਾਣਾ ਸਾਹਿਬ ਤੋਂ ਬੱਸ ਰਾਹੀਂ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਰਾਤੀਂ ਵਿਸ਼ਰਾਮ ਅਤੇ ਸਵੇਰੇ 4:30 ਵਜੇ ਰੇਲ ਗੱਡੀ ਰਾਹੀਂ ਸ਼੍ਰੀ ਹਜੂਰ ਸਾਹਿਬ ਰਵਾਨਗੀ ਹੋਵੇਗੀ ।

ਕਿਰਾਇਆ ਆਉਣ ਜਾਣ 1500/- ਰੁਪਏ ਅਤੇ 60 ਸਾਲ ਤੋਂ ਉਪਰ ਉਮਰ ਵਾਲਿਆਂ ਲਈ ਕਿਰਾਇਆ 1200/- ਰੁਪਏ ਹੋਵੇਗਾ ।

ਸੀਟਾਂ ਦੀ ਬੁਕਿੰਗ ਕਰਾਉਣ ਤੇ ਹੋਰ ਪੁੱਛ ਗਿੱਛ ਲਈ ਹੇਠ ਲਿਖਿਆਂ ਨਾਲ ਸੰਪਰਕ ਕਰੋ ।


ਬਲਵੀਰ ਸਿੰਘ, ਪ੍ਰਧਾਨ
ਭਾਈ ਘਨਈਆ ਸੇਵਾ ਸੁਸਾਇਟੀ
ਫੋਨ : 0164-2262305
ਮੋ: 98148-63305

ਜਗਦੇਵ ਸਿੰਘ
ਮੈਨੇਜਰ
ਟਿਕਾਣਾ ਭਾਈ ਜਗਤਾ ਜੀ ਸਾਹਿਬ
ਫੋਨ : 0164-2262012

Programme Regarding Foreign Tour Undertaken By

# Shriman Mahant Bhai Kahan Singh Ji *'Sewa Panthi'*

*September 2008*

*Tikana Bhai Jagta Ji Sahib, Goniana Mandi Bathinda (Pb.)*

*S.T.D. Code : 0164 Phone : 2262012, 2262051*

*Fax. : 2262657 Mobile : 98140-32957 , Sant Ranjit Singh Sewadar 98140-35191 (India)*

| Date | City | | Programme & Addresss |
|---|---|---|---|
| 28-08-2008 to 01-09-2008 | (San Francisco)/ Oakland, C.A. | | MR. AMARJIT SINGH SETHI<br>Phone : 510-223-5878,<br>510-223-6166 |
| 01-09-2009 to 02-09-2008 | New York | 1. | S. MANVINDER SINGH SAWHNEY<br>Gurudwara Guru Teg Bahadur Foundation,<br>NorWalk, Connecticut, U.S.A.<br>(7.30 to 8.30 PM)<br>Phone . 203-857-4460, 203-838-9411<br>203-762-7275 (R) |
| | | 2. | S. MANVINDER SINGH SAWHNEY<br>295, Olmstead Hill Road,<br>Wilton C-T-06897 (U.S.A.)<br>Phone : 203-762-9442 (R)203-348-9200 (O)<br>203-324-1100 (Fax)<br>203-348-6030 (Personal) |
| 02-09-2008 to 13-09-2008 | London (England) | 1. | S. Gurbachan Singh Chadda Advocate<br>11, Litalton Road, Hairo Madax, HA1357<br>Ph. 0208-566-1005 (Personal)<br>0208-423-8171 (Resi.)<br>0208-567-2661 (Offi.)<br>0208-567-1175 (Fax) |
| | | 2. | S. H.S. Kohli |
| | | 3. | S. Gurbax Singh Bakshi<br>Ph. 0208-908-1230 (Resi.) |

ਮਿਤੀ 13-9-2008 ਨੂੰ ਪਹੁੰਚ ਦਿੱਲੀ

ਮਿਤੀ 14-9-2008 ਨੂੰ ਵਾਪਸੀ ਗੋਨਿਆਣਾ ਭਾਈ ਜਗਤਾ

ਮਿਤੀ 15-9-2008 ਨੂੰ ਸੰਗ੍ਰਾਂਦ ਦੇ ਮਾਸਿਕ ਸਮਾਗਮ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ

ਲੜੀਵਾਰ ਕਥਾ

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ''

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ
ਨਾਨਕ ਹੋਸੀ ਭਿ ਸਚੁ ॥੧॥

ਅਸਟਪਦੀ ॥

ਚਰਨ ਸਤਿ ਸਤਿ ਪਰਸਨਹਾਰ ॥
ਪੂਜਾ ਸਤਿ ਸਤਿ ਸੇਵਦਾਰ ॥
ਦਰਸਨੁ ਸਤਿ ਸਤਿ ਪੇਖਨਹਾਰ ॥
ਨਾਮੁ ਸਤਿ ਸਤਿ ਧਿਆਵਨਹਾਰ ॥
ਆਪਿ ਸਤਿ ਸਤਿ ਸਭ ਧਾਰੀ ॥
ਆਪੇ ਗੁਣ ਆਪੇ ਗੁਣਕਾਰੀ ॥
ਸਬਦੁ ਸਤਿ ਸਤਿ ਪ੍ਰਭੁ ਬਕਤਾ ॥
ਸੁਰਤਿ ਸਤਿ ਸਤਿ ਜਸੁ ਸੁਨਤਾ ॥
ਬੁਝਨਹਾਰ ਕਉ ਸਤਿ ਸਭ ਹੋਇ ॥
ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥

ਸਲੋਕੁ ॥
ਆਦਿ ਸਚੁ ਜੁਗਾਦਿ ਸਚੁ ॥
ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥

**ਪਦ ਅਰਥ :** ਆਦਿ :ਸ੍ਰਿਸ਼ਟੀ ਤੋਂ ਪਹਿਲੇ, ਜੁਗਾਦਿ: ਜੁਗਾਂਦੀ, ਆਦਿ: ਭਾਵ ਸਤਜੁਗ, ਭਿ: ਉਸ ਵਾਂਗ,

**ਅਰਥ :** ਇਸ ਸਲੋਕੁ ਵਿੱਚ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਹਨ ਕੇ ਉਹ ਪ੍ਰਭੂ ਪ੍ਰਮਾਤਮਾ ਜੋ ਸ੍ਰਿਸ਼ਟੀ ਦਾ ਮੁੱਢ ਹੈ । ਉਹ ਸ੍ਰਿਸ਼ਟੀ ਦੀ ਹੋਂਦ ਪੈਦਾ ਹੋਣ ਤੋਂ ਪਹਿਲਾਂ ਵੀ ਸੱਚਾ ਸੀ ਜਿਸ ਵੇਲੇ ਸ੍ਰਿਸ਼ਟੀ ਪੈਦਾ ਹੋਈ ਜੁਗਾਦਿ (ਜੁਗਾਂ ਦੀ ਆਦਿ) ਭਾਵ ਸਤਜੁਗ ਵਿੱਚ ਵੀ ਸੱਚਾ ਸੀ ਭਿ (ਉਸੇ ਵਾਂਗ) ਹੁਣ ਵਰਤਮਾਨ ਵਿੱਚ ਵੀ ਸੱਚਾ ਹੈ ਤੇ ਅੱਗੇ ਭੀ ਸੱਚਾ ਹੋਵੇਗਾ

## ਅਸਟਪਦੀ ॥

ਚਰਨ ਸਤਿ ਸਤਿ ਪਰਸਨਹਾਰ ॥
ਪੂਜਾ ਸਤਿ ਸਤਿ ਸੇਵਦਾਰ ॥

ਅਰਥ : ਮਹਾਰਾਜ ਕਹਿੰਦੇ ਹਨ ਕਿ ਉਹ ਪ੍ਰਭੂ ਸੱਚਾ ਹੈ ਉਸ ਦੇ ਚਰਨ ਵੀ ਸੱਚੇ ਹਨ ਉਹਨਾਂ ਚਰਨਾਂ ਨੂੰ ਪਰਸਨਹਾਰ (ਛੂਹਣ ਵਾਲੇ) ਵੀ ਸੱਚੇ ਹਨ ਉਸ ਪ੍ਰਭੂ ਦੀ ਪੂਜਾ ਵੀ ਸੱਚੀ ਹੈ ਅਤੇ ਪੂਜਾ ਕਰਨ ਵਾਲੇ ਸੇਵਾਦਾਰ ਜੋ ਕਿਸੇ ਵੀ ਰੂਪ ਵਿੱਚ ਕਰ ਹਰੇ ਹਨ। ਉਹ ਵੀ ਸੱਚੇ ਹਨ।

ਦਰਸਨੁ ਸਤਿ ਸਤਿ ਪੇਖਨਹਾਰ ॥
ਨਾਮੁ ਸਤਿ ਸਤਿ ਧਿਆਵਨਹਾਰ ॥

ਅਰਥ : ਅੱਗੇ ਕਹਿੰਦੇ ਹਨ ਕੇ ਉਸ ਪ੍ਰਭੂ ਪ੍ਰਮਾਤਮਾ ਅਕਾਲ ਪੁਰਖ ਦੇ ਦਰਸ਼ਨ ਸੱਚੇ ਹਨ ਅਤੇ ਜੋ ਜੀਵ ਨਾਮ ਸਿਮਰਨ ਦੀ ਕਮਾਈ ਕਰਕੇ ਉਸ ਪ੍ਰਭੂ ਦੇ ਦਰਸ਼ਨ ਕਰ ਲੈਂਦੇ ਹਨ ਉਹ ਵੀ ਸੱਚੇ ਹਨ ਉਸ ਪ੍ਰਭੂ ਦਾ ਨਾਮ ਸੱਚਾ ਹੈ। ਅਤੇ ਨਾਮ ਦੀ ਕਮਾਈ ਕਰਨ ਵਾਲੇ ਜੀਵ ਭੀ ਸੱਚੇ ਹਨ।

ਆਪਿ ਸਤਿ ਸਤਿ ਸਭ ਧਾਰੀ ॥
ਆਪੇ ਗੁਣ ਆਪੇ ਗੁਣਕਾਰੀ ॥

ਅਰਥ : ਫਿਰ ਕਹਿੰਦੇ ਹਨ ਕਿ ਉਹ ਪ੍ਰਭੂ ਸੱਚਾ ਹੈ। ਉਸ ਦੀ ਸਾਰੀ ਧਾਰੀ ਹੋਈ ਮਰਯਾਦਾ ਭੀ ਸੱਚੀ ਹੈ ਕਿਉਂਕਿ ਉਹ ਸਤਿ ਦੇ ਗੁਣਾਂ ਵਾਲਾ ਵੀ ਆਪ ਹੈ ਅਤੇ ਆਪ ਹੀ ਗੁਣਕਾਰੀ (ਗੁਣਾਂ ਦੇ ਕਰਨ ਵਾਲਾ ਵੀ ਹੈ।)

ਸਬਦੁ ਸਤਿ ਸਤਿ ਪ੍ਰਭੁ ਬਕਤਾ ॥
ਸੁਰਤਿ ਸਤਿ ਸਤਿ ਜਸੁ ਸੁਨਤਾ ॥

ਅਰਥ : ਉਸਦਾ ਸ਼ਬਦ (ਹੁਕਮ) ਸੱਚਾ ਹੈ ਅਤੇ ਸ਼ਬਦ ਨੂੰ ਬਕਤਾ (ਉਚਾਰਨ ਵਾਲਾ) ਪ੍ਰਭੂ ਆਪ ਹੀ ਹੈ ਅਤੇ ਉਸ ਪ੍ਰਭੂ ਦਾ ਜਸ ਵੀ ਸੱਚਾ ਹੈ ਜੋ ਜੀਵ ਸੁਰਤ ਨੂੰ ਸ਼ਬਦ ਨਾਲ ਜੋੜ ਕੇ ਉਸ ਪ੍ਰਭੂ ਦਾ ਜਸ ਸੁਣਦੇ ਹਨ ਉਹ ਵੀ ਸੱਚੇ ਹੋ ਜਾਂਦੇ ਹਨ।

ਬੁਝਨਹਾਰ ਕਉ ਸਤਿ ਸਭ ਹੋਇ ॥
ਨਾਨਕ ਸਤਿ ਸਤਿ ਪ੍ਰਭੁ ਸੋਇ ॥ ੧ ॥

ਅਰਥ : ਜੋ ਗਿਆਨਵਾਨ ਜੀਵ ਉਸ ਪ੍ਰਭੂ ਦੇ ਭੇਦ ਨੂੰ ਬੁੱਝ ਲੈਂਦੇ ਹਨ ਉਨਾਂ ਨੂੰ ਇਹ ਸਭ ਕੁਝ ਸੱਚ ਹੀ ਪ੍ਰਤੀਤ ਹੁੰਦਾ ਹੈ। ਮਹਾਰਾਜ ਅਖ਼ੀਰ ਵਿੱਚ ਫਿਰ ਕਹਿੰਦੇ ਹਨ ਕੇ ਉਹ ਪ੍ਰਭੂ ਪਿਛੇ ਵੀ ਸੱਚ ਸੀ। ਹੁਣ ਵੀ ਸੱਚ ਹੈ ਅੱਗੇ ਵੀ ਸੱਚ ਹੋਵੇਗਾ ਭਾਵ ਉਹ ਪ੍ਰਭੂ ਸਤਿ-ਨਿਸ਼ਚੇ ਕਰਕੇ ਹੀ ਸਤ ਸਰੂਪ ਹੈ ਉਹ ਪ੍ਰਭੂ ਪ੍ਰਮਾਤਮਾ ਸੱਚੇ ਤੋਂ ਵੀ ਸੱਚਾ ਹੈ।

(ਚਲਦਾ)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥੧॥

ਪਉੜੀ ॥

ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥
ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥
ਬੀਰਾ ਆਪਨ ਬੁਰਾ ਮਿਟਾਵੈ ॥
ਤਾਹੂ ਬੁਰਾ ਨਿਕਟਿ ਨਹੀ ਆਵੈ ॥
ਬਾਧਿਓ ਆਪਨ ਹਉ ਹਉ ਬੰਧਾ ॥
ਦੋਸੁ ਦੇਤ ਆਗਹ ਕਉ ਅੰਧਾ ॥
ਬਾਤ ਚੀਤ ਸਭ ਰਹੀ ਸਿਆਨਪ ॥
ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥ ੩੯ ॥

ਸਲੋਕੁ ॥

ਬਿਨਉ ਸੁਨਹੁ ਤੁਮ ਪਾਰਬ੍ਰਹਮ ਦੀਨ ਦਇਆਲ ਗੁਪਾਲ ॥
ਸੁਖ ਸੰਪੈ ਬਹੁ ਭੋਗ ਰਸ ਨਾਨਕ ਸਾਧ ਰਵਾਲ ॥੧॥

ਪਦ-ਅਰਥ : ਬਿਨਉ - ਬੇਨਤੀ, ਸੰਪੈ-ਧਨ, ਰਵਾਲ-ਚਰਨ ਧੂੜ ॥

ਅਰਥ : ਨਾਨਕ ਗੁਰੂ ਜੀ ਅਰਦਾਸ ਕਰਦੇ ਹਨ ਕਿ ਹੇ ਪਾਰਬ੍ਰਹਮ ਜੀ ਦੇ ਨਾਂ ਉਤੇ ਦਇਆ ਕਰਨ ਵਾਲੇ ਤੁਸੀਂ ਮੇਰੀ ਬੇਨਤੀ ਸੁਣੋਂ ਮੈਨੂੰ ਸਾਧ (ਗੁਰੂ ਕੇ ਚਰਨਾਂ) ਦੀ ਧੂੜੀ ਬਖਸ਼ੋ ਉਹ ਧੂੜੀ ਮੇਰੇ ਲਈ ਸੁਖ ਦੀ ਸੰਪਦਾ ਹੈ ਅਤੇ ਬਹੁਤ ਰਸਾਂ ਦੇ ਭੋਗ ਸਮਾਨ ਹੈ ।

ਪਉੜੀ ॥

ਬਬਾ ਬ੍ਰਹਮੁ ਜਾਨਤ ਤੇ ਬ੍ਰਹਮਾ ॥

ਬੈਸਨੋ ਤੇ ਗੁਰਮੁਖਿ ਸੁਚ ਧਰਮਾ ॥

ਅਰਥ : ਅਸਲ ਬ੍ਰਾਹਮਣ ਉਹ ਹਨ ਜੋ ਬ੍ਰਹਮ (ਪਰਮਾਤਮਾ) ਨਾਲ ਸਾਂਝ ਪਾਂਦੇ ਹਨ, ਅਸਲ ਵੈਸ਼ਨੋ ਉਹ ਹਨ ਜੋ ਗੁਰੂ ਦੀ ਸ਼ਰਨ ਪੈ ਕੇ ਆਤਮਕ ਪਵਿੱਤਰਤਾ ਦੇ ਫਰਜ਼ ਨੂੰ ਪਾਲਦੇ ਹਨ ।

ਬੀਰਾ ਆਪਨ ਬੁਰਾ ਮਿਟਾਵੈ ॥

ਤਾਹੂ ਬੁਰਾ ਨਿਕਟਿ ਨਹੀ ਆਵੈ ॥

ਅਰਥ : ਉਹ ਮਨੁੱਖ ਸੂਰਮਾਂ ਜਾਣੋ ਜਿਹੜਾ ਆਪਣੇ ਅੰਦਰੋਂ ਦੂਜਿਆਂ ਦਾ ਬੁਰਾ ਮੰਗਣ ਦੇ ਸੁਭਾਅ ਦਾ ਨਿਸ਼ਾਨ ਮਿਟਾ ਦੇਵੇ ਜੋ ਇਹ ਕਰਦਾ ਹੈ ਦੂਜਿਆਂ ਵੱਲੋਂ ਚਿਤਵੀ ਬੁਰਾਈ ਉਸ ਦੇ ਨੇੜੇ ਨਹੀਂ ਢੁਕਦੀ ।

ਬਾਧਿਓ ਆਪਨ ਹਉ ਹਉ ਬੰਧਾ ॥

ਦੋਸੁ ਦੇਤ ਆਗਹ ਕਉ ਅੰਧਾ ॥

ਭਾਵ-ਅਰਥ : ਮਨੁੱਖ ਆਪ ਹੀ ਆਪਣੀ ਹਉਮੈ ਦੇ ਬੰਧਨਾਂ ਵਿੱਚ ਬੱਝਾ ਰਹਿੰਦਾ ਹੈ, ਕਿਸੇ ਵਿਗਾੜ ਦਾ ਦੋਸ਼ ਦੂਜੇ ਨੂੰ ਦਿੰਦਾ ਹੈ ।

ਬਾਤ ਚੀਤ ਸਭ ਰਹੀ ਸਿਆਨਪ ॥

ਜਿਸਹਿ ਜਨਾਵਹੁ ਸੋ ਜਾਨੈ ਨਾਨਕ ॥ ੩੯ ॥

ਭਾਵ-ਅਰਥ : ਨਾਨਕ ਗੁਰੂ ਫਰਮਾਉਂਦੇ ਹਨ ਅਜਿਹੇ ਮਨੁੱਖ ਦੀ ਗੱਲ ਬਾਤ ਅਤੇ ਸਾਰੀ ਸਿਆਣਪ ਮੁੱਕ ਜਾਂਦੀ ਹੈ, ਹੇ ਪ੍ਰਭੂ ! ਜਿਸ ਨੂੰ ਤੂੰ ਇਸ ਸੁਚੱਜੇ ਜੀਵਨ ਦੀ ਸੂਝ ਬਖ਼ਸ਼ਦਾ ਹੈਂ ਉਹੀ ਸਮਝਦਾ ਹੈ ।

(ਚਲਦਾ)

# ਭਾਈ ਘਨੱਈਆ ਜੀ ਸੰਬੰਧੀ ਮਹੱਤਵਪੂਰਨ ਸੰਖੇਪ ਜਾਣਕਾਰੀ

| | | |
|---|---|---|
| ਜਨਮ-ਸਥਾਨ | --- | ਸੋਹਦਰਾ (ਜ਼ਿਲ੍ਹਾ ਗੁਜਰਾਤ ਹਾਲ, ਪਾਕਿਸਤਾਨ) |
| ਜਨਮ ਦਾ ਸਾਲ | --- | ਸੰਮਤ 1705 (1648 ਈ:) |
| ਪਿਤਾ ਦਾ ਨਾਮ | --- | ਭਾਈ ਨੱਥੂ ਰਾਮ (ਸ਼ਾਹੀ ਲੋੜ ਪੂਰਤੀ ਸਪਲਾਈ ਦੇ ਠੇਕੇਦਾਰ, ਜਨਰਲ ਅਮੀਰ ਸਿੰਘ ਨਾਲ ਸੰਬੰਧਿਤ ਸਨ) |
| ਮਾਤਾ ਦਾ ਨਾਮ | --- | ਸੁੰਦਰੀ ਜੀ |
| ਸ੍ਰੀ ਗੁਰੂ ਤੇਗ਼ ਬਹਾਦਰ ਜੀ ਨਾਲ ਮੇਲ | --- | ਸੰਮਤ 1731 (1674 ਈ:) |
| ਨੌਵੇਂ ਗੁਰੂ ਵੱਲੋਂ ਵਰੋਸਾਏ ਗਏ | --- | ਸੰਮਤ 1732 (1675 ਈ:) |
| ਕੁਵੇ (ਜ਼ਿਲ੍ਹਾ ਕੈਮਲਪੁਰ ਪਾਕਿਸਤਾਨ) ਵਿੱਚ ਧਰਮਸ਼ਾਲਾ ਕਾਇਮ ਕਰਨੀ | --- | ਸੰਮਤ 1732-33 (1675-76 ਈ:) |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਿਲਾ ਮਿਲਾਪ | --- | ਸੰਮਤ 1735 (1678 ਈ:) |
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਵਰੋਸਾਏ ਗਏ | --- | ਸੰਮਤ 1738 (1681 ਈ:) |
| ਆਨੰਦਪੁਰ ਸਾਹਿਬ ਵਿੱਚ ਕੀਤੀ ਮਾਨਵ-ਵਾਦੀ ਸੇਵਾ | --- | ਸੰਮਤ 1759-61 (1702-1704 ਈ:) |
| ਭਾਈ ਸੇਵਾ ਰਾਮ 'ਸੇਵਾ ਪੰਥੀ' ਨਾਲ ਪਹਿਲੀ ਮਿਲਣੀ | --- | ਸੰਮਤ 1740 (1683 ਈ:) |
| ਨੂਰਪੁਰ ਵਿੱਚ ਧਰਮਸ਼ਾਲਾ ਸਥਾਪਤੀ | --- | ਸੰਮਤ 1755 (1698 ਈ:) |
| ਜੋਤਿ-ਜੋਤ ਸਮਾਏ | --- | ਸੰਮਤ 1775-(1718 ਈ:) |

# ਬੰਸਾਵਲੀ

ਮੁੱਖ ਵਹਿਣ

## ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ

(ਨੌਂਵੇਂ ਤੇ ਦਸਵੇਂ ਗੁਰੂ ਸਾਹਿਬਾਨ ਦੇ ਸਿੱਖ)

## ਭਾਈ ਘਨੱਈਆ

(ਸੇਵਾ ਪੰਥੀ ਸੰਪਰਦਾਇ ਦੇ ਮੁਕਟਮਣੀ)

ਭਾਈ ਸੇਵਾ ਰਾਮ ਜੀ
(ਟਿਕਾਣਾ ਨੂਰਪੁਰ ਦੇ ਮੋਹਰੀ ਅਸਥਾਪਨ ਕਰਤਾ)

ਭਾਈ ਨੂਰੀ ਸ਼ਾਹ ਜੀ

ਕੁੱਲ 8 ਸ਼ਿਸ਼ (ਚੇਲੇ)

ਭਾਈ ਅੱਡਣ ਸ਼ਾਹ ਜੀ

ਟਿਕਾਣਾ ਨੂਰਪੁਰ ਥਲ

ਕੁੱਲ 40 ਸ਼ਿਸ਼ (ਚੇਲੇ)

ਭਾਈ ਭੱਲਾ ਰਾਮ ਜੀ

ਭਾਈ ਜਗਤਾ ਜੀ

1. ਭਾਈ ਹਜ਼ਾਰੀ ਰਾਮ ਜੀ

ਚੇਲਿਆਂ ਦੇ ਨਾਮ
2. ਭਾਈ ਸੁਭਾਇਆ ਰਾਮ ਜੀ ।
3. ਭਾਈ ਵਸਤੀ ਰਾਮ ਜੀ ।
4. ਭਾਈ ਟਿਕਾਇਆ ਰਾਮ ਜੀ
5. ਭਾਈ ਸੰਤ ਸਿੰਘ ਜੀ ।
6. ਭਾਈ ਲੀਲ੍ਹਾ ਰਾਮ ਜੀ ।
7. ਭਾਈ ਪ੍ਰੀਤਮ ਦਾਸ ਜੀ ।
8. ਭਾਈ ਘਨੱਈਆ ਜੀ ।

ਭਾਈ ਹਜ਼ਾਰੀ ਰਾਮ ਜੀ

1. ਭਾਈ ਸਹਾਈ ਰਾਮ ਜੀ

ਹੋਰ ਚੇਲੈ
2. ਭਾਈ ਲਾਲ ਚੰਦ ਜੀ ।
3. ਭਾਈ ਦਰਬਾਰੀ ਜੀ ।

1. ਭਾਈ ਰਲਿਆ ਰਾਮ ਜੀ

ਹੋਰ ਚੇਲੇ ਦੋ
ਜੋੜ ਤਿੰਨ

1. ਭਾਈ ਲਖਮੀ ਦਾਸ ਜੀ

ਹੋਰ ਚੇਲੇ

2. ਭਾਈ ਗਰੀਬ ਦਾਸ ਜੀ ।
3. ਭਾਈ ਨਾਰਾਇਨ ਸਿੰਘ ਜੀ ।
4. ਭਾਈ ਪਰਸ ਰਾਮ ਜੀ ।

1. ਭਾਈ ਗੁਲਾਬ ਸਿੰਘ ਜੀ

ਹੋਰ ਚੇਲੇ

2. ਭਾਈ ਹਰੀ ਸਿੰਘ ਜੀ ।
3. ਭਾਈ ਪੋਖਰ ਦਾਸ ਜੀ
4. ਭਾਈ ਗੋਪਾਲ ਦਾਸ ਜੀ

ਭਾਈ ਆਸਾ ਸਿੰਘ ਜੀ

ਹੋਰ ਚੇਲੇ

2. ਭਾਈ ਆਤਮਾ ਸਿੰਘ ਜੀ ।
3. ਭਾਈ ਮੋਤੀ ਰਾਮ ਜੀ ।
4. ਭਾਈ ਕਰਮ ਚੰਦ ਜੀ ।
5. ਭਾਈ ਤੀਰਥ ਸਿੰਘ ਜੀ ।
6. ਭਾਈ ਹਰੀ ਸਿੰਘ ਜੀ ।

## ਮਹੰਤ ਭਾਈ ਆਸਾ ਸਿੰਘ ਜੀ

1. ਮਹੰਤ ਭਾਈ ਤੀਰਥ ਸਿੰਘ ਜੀ

1. ਸੰਤ ਭਾਈ ਕਾਹਨ ਸਿੰਘ ਜੀ ।
2. ਸੰਤ ਭਾਈ ਹਰਪਾਲ ਸਿੰਘ ਜੀ
3. ਸੰਤ ਰਣਜੀਤ ਸਿੰਘ ਜੀ ।

–ਗਿ: ਸੁਰਜੀਤ ਸਿੰਘ 'ਸੇਵਾ ਪੰਥੀ' ਤੇ
(ਸਵ:) ਪ੍ਰਿੰ: ਭਗਤ ਸਿੰਘ 'ਹੀਰਾ' ਦਿੱਲੀ
ਦੀਆਂ ਲਿਖਤਾਂ ਅਧਾਰਿਤ

# ਟਿਕਾਣਾ ਭਾਈ ਜਗਤਾ ਜੀ ਸਾਹਿਬ (ਨੂਰਪੁਰ ਥਲ, ਪਾਕਿਸਤਾਨ) ਨਾਲ ਸਬੰਧਿਤ

## ਨਾਦੀ ਬੰਸਾਵਲੀ

### ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਨਮ ਦਾਤਾ ਤਥਾ ਵਰਦਾਤਾ

| | | |
|---|---|---|
| 1. ਮੁਕਟਮਣੀ ਭਾਈ ਘਨੱਈਆ ਜੀ | --- | 1705-1775 ਬਿ: ਸੰਪਰਦਾ ਦੇ ਮੋਢੀ |
| 2. ਭਾਈ ਸੇਵਾ ਰਾਮ ਜੀ | --- | 1715-1785 ਬਿ: ਸੰਪਰਦਾ ਦੇ ਮੁੱਖ ਸੰਚਾਲਕ |
| 3. ਭਾਈ ਅੱਡਣ ਸਾਹਿਬ ਜੀ | --- | 1745-1814 ਬਿ: |
| 4. ਭਾਈ ਭੱਲਾ ਰਾਮ ਜੀ | --- | 1778-1854 ਬਿ: ਮੁੱਖ ਪਥ-ਪ੍ਰਦਰਸ਼ਕ |
| 5. ਭਾਈ ਜਗਤਾ ਜੀ ਸਾਹਿਬ | --- | 1798-1868 ਬਿ: |
| 6. ਭਾਈ ਹਜ਼ਾਰੀ ਰਾਮ ਜੀ | --- | 1813-1883 ਬਿ: |
| 7. ਭਾਈ ਸਹਾਈ ਰਾਮ ਜੀ | --- | 1825-1901 ਬਿ: |
| 8. ਭਾਈ ਰਲਿਆ ਰਾਮ ਜੀ | --- | 1842-1927 ਬਿ: |
| 9. ਭਾਈ ਲਖਮੀ ਦਾਸ ਜੀ | --- | 1908-1965 ਬਿ: |
| 10. ਮਹੰਤ ਭਾਈ ਗੁਲਾਬ ਸਿੰਘ ਜੀ | --- | 1871-1950 ਈ: |
| 11. ਮਹੰਤ ਭਾਈ ਆਸਾ ਸਿੰਘ ਜੀ | --- | 9-12-1893 ਈ: ਤੋਂ 1-1-1974 ਈ: ਤੱਕ |
| 12. ਮਹੰਤ ਭਾਈ ਤੀਰਥ ਸਿੰਘ ਜੀ | --- | ਜਨਮ 12-02-1925 ਤੋਂ 15-01-2008 ਤੱਕ |
| 12. ਮਹੰਤ ਭਾਈ ਕਾਹਨ ਸਿੰਘ ਜੀ | --- | ਜਨਮ 15-09-1943 |
| ਵਰਤਮਾਨ ਸਮੇਂ ਡੇਰੇ ਦੀ ਸੇਵਾ-ਸੰਭਾਲ | | 15 ਜਨਵਰੀ 2008 ਤੋਂ |

# ਏਕਤਾ ਦੇ ਪ੍ਰਤੀਕ ਭਾਈ ਘਨੱਈਆ ਜੀ

-ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

ਜਗਤ ਅੰਦਰ ਵਿਦਵਾਨ ਪੁਰਖਾਂ ਨੇ ਖ਼ਾਸ ਗੁਣ ਵਾਲੇ ਪਦਾਰਥਾਂ ਦੀ ਵਡਿਆਈ ਕੀਤੀ ਹੈ ਜਿਵੇਂ ਸਾਰੇ ਪੱਥਰਾਂ ਵਿੱਚੋਂ ਪਾਰਸ ਉੱਤਮ ਮੰਨਿਆ ਹੈ । ਬ੍ਰਿਛਾਂ ਵਿੱਚੋਂ ਬਾਵਨ, ਚੰਦਨ, ਪਸ਼ੂਆਂ ਵਿੱਚੋਂ ਕਾਮਧੇਨ ਗਊ ਸ਼੍ਰੇਸ਼ਟ ਮੰਨੀ ਗਈ ਹੈ । ਤਿਵੇਂ ਮਨੁੱਖਾਂ ਵਿੱਚੋਂ ਸੰਤ, ਸਾਧ ਦੀ ਪਦਵੀ ਉੱਚੀ ਦੱਸੀ ਹੈ ।

ਸਾਧ ਕੀ ਸੋਭਾ ਕਾ ਨਾਹੀ ਅੰਤ ॥
ਸਾਧ ਕੀ ਸੋਭਾ ਸਦਾ ਬੇਅੰਤ ॥
ਸਾਧ ਕੀ ਸੋਭਾ ਊਚ ਤੇ ਊਚੀ ॥
ਸਾਧ ਕੀ ਸੋਭਾ ਮੂਚ ਤੇ ਮੂਚੀ ॥

ਪਾਰਸ ਆਦਿ ਅਮੋਲਕ ਪਦਾਰਥਾਂ ਨਾਲੋਂ ਵੀ ਸੰਤ ਨੂੰ ਉੱਤਮ ਦਰਸਾਇਆ ਹੈ ਜਿਵੇ :-

ਪਾਰਸ ਮਹਿ ਅਰ ਸੰਤ ਮਹਿ ਬਡੋ ਅੰਤਰ ਜਾਨ ॥
ਉਹ ਲੋਹਾ ਕੰਚਨ ਕਰੇ ਉਹ ਕਰੇ ਆਪ ਸਮਾਨ ॥

ਸੰਪੂਰਣ ਸੰਤ ਭਾਈ ਘਨੱਈਆ ਜੀ ਦਾ ਜੀਵਨ ਜਗਤ ਨੂੰ ਸੱਚ ਮਾਰਗ ਦਰਸਾਉਣ ਵਾਲਾ ਸਰਵ ਉੱਤਮ ਜੀਵਨ ਹੈ । ਉਨ੍ਹਾਂ ਦੇ ਅੰਦਰ ਇਹ ਅਮੋਲਕ ਗੁਣ ਸਨ ।

1. ਦਿਆਵਾਨ ਤੇ ਪਰਉਪਕਾਰੀ ਸਨ ।
2. ਪਰਿਵਾਰਕ ਮੋਹ ਤੋਂ ਰਹਿਤ ਸਨ ।
3. ਦੁਨਿਆਵੀ ਮਾਣ, ਵਡਿਆਈ ਤੋਂ ਉਪਰਾਮ ਸਨ ।
4. ਸਤਸੰਗੀ ਤੇ ਸੰਤ ਸੇਵੀ ਸਨ ।
5. ਗੁਰਮਤਿ ਦੇ ਧਾਰਨੀ ਸਭ ਜੀਵਾਂ ਵਿੱਚ ਇੱਕ ਬ੍ਰਹਮ ਨੂੰ ਪ੍ਰਤੱਖ ਦੇਖਦੇ ਸਨ ।

   ਸਾਧ ਕਨ੍ਹੱਯਾ ਇੱਕ ਗੁਰ ਪਾਸ ।
   ਸਭਿ ਮਹਿ ਆਤਮ ਲਖਯੋ ਪ੍ਰਕਾਸ਼ ।

6. ਗੋਬਿੰਦ ਰੂਪ ਜਾਣ ਕੇ ਸਰਵ ਜੀਵਾਂ ਦੀ ਇਕ ਸਮਾਨ ਸੇਵਾ ਕਰਦੇ ਸਨ ।
7. ਨਿਰਭਉ ਤੇ ਨਿਰਵੈਰ ਸਨ ।
8. ਸੰਤੋਖ ਸਬਰ ਵਾਲੇ ਸਨ ।
9. ਸਹਿਣਸ਼ੀਲਤਾ ਦੇ ਧਾਰਨੀ ਸਨ ।
10. ਮਿੱਠ ਬੋਲੜੇ ਸਨ ।
11. ਬ੍ਰਹਮਗਿਆਨੀ ਸਗਲ ਕੀ ਰੀਨਾ ।

12. ਵਾਹਿਗੁਰੂ ਪਿਆਰ ਵਿੱਚ ਸਦਾ ਮਗਨ ਰਹਿੰਦੇ ਸਨ ।

13. ਨੇਕ ਕਰਨੀ ਦੇ ਮਾਲਕ ਸਨ ।

ਉਨ੍ਹਾਂ ਦੇ ਅੰਦਰ ਬੇਅੰਤ ਚੰਗੇ ਗੁਣ ਸਨ । ਪਰ ਸਭ ਤੋਂ ਵੱਡਾ ਗੁਣ ਇਹ ਸੀ ਕਿ ਉਹ ਸੱਚੇ ਸਾਹਿਬ ਪਰਮੇਸ਼ਵਰ ਦੇ ਸੱਚੇ ਸੇਵਕ ਸਨ । ਜਦੋਂ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਸੰਕਟ ਦਾ ਸਮਾਂ ਆ ਬਣਿਆ, ਭਾਵ-ਗਰੀਬ ਹਿੰਦੂ ਪਰਜਾ ਤੇ ਔਰੰਗਜ਼ੇਬ ਵੱਲੋਂ ਹੋ ਰਹੇ ਜ਼ੁਲਮ ਨੂੰ ਮੇਟਣ ਦੇ ਲਈ ਜਿੱਥੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਸੀਸ ਬਲੀਦਾਨ ਕੀਤਾ ਸੀ । ਉਥੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜ਼ੁਲਮ ਵਿਰੁੱਧ ਆਵਾਜ਼, ਉਠਾਈ :-

'ਇਨ ਚਿੜੀਅਨ ਸੇ ਬਾਜ਼ ਤੁੜਵਾਊਂ ਤਬੀ ਗੋਬਿੰਦ ਸਿੰਘ ਨਾਮ ਕਹਾਊ ।'

ਤਾਂ ਜ਼ਾਲਮ ਬਾਦਸ਼ਾਹ ਵੱਲੋਂ ਪਹਾੜੀ ਤੇ ਤੁਰਕ ਸੈਨਾ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਕੜਨ ਦੇ ਲਈ ਆਨੰਦਪੁਰ ਸਾਹਿਬ ਨੂੰ ਲੰਮੇ ਸਮੇਂ ਲਈ ਘੇਰਾ ਪਾ, ਮੋਰਚੇ ਬਣਾ ਕੇ ਦੁਸ਼ਟ ਸੈਨਾ ਬੈਠ ਗਈ ਤਾਂ ਦੋਵਾਂ ਪਾਸੇ ਮੋਰਚਿਆਂ ਵਿੱਚ ਬੈਠੇ ਫ਼ੌਜੀਆਂ ਨੂੰ ਅੰਨ-ਪਾਣੀ ਮਿਲਣਾ ਮੁਸ਼ਕਲ ਹੋ ਗਿਆ । ਬੰਦੂਕਾਂ ਤੇ ਤਿੱਖੇ ਤੀਰਾਂ ਦੀ ਛਾਂ ਵਿੱਚ ਫ਼ੌਜੀਆਂ ਨੂੰ ਪਾਣੀ ਪਿਲਾਉਣਾ ਮੌਤ ਨੂੰ ਕਬੂਲ ਕਰਨਾ ਸੀ । ਭਾਈ ਘਨੱਈਆ ਜੀ ਨੇ ਇਹ ਗੁਰਬਾਣੀ ਸੁਣੀ ਸੀ ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥

ਅਨੁਸਾਰ ਮੌਤ ਦਾ ਡਰ ਛੱਡ ਕੇ ਭਾਈ ਘਨੱਈਆ ਜੀ ਪਾਣੀ ਦੀ ਮਸ਼ਕ ਭਰ ਕੇ ਜਿੱਥੇ ਸਿੱਖ ਫ਼ੌਜੀਆਂ ਨੂੰ ਮੋਰਚਿਆਂ ਵਿੱਚ ਜਾ ਕੇ ਪਾਣੀ ਪਿਲਾਉਂਦੇ ਉਥੇ ਘਾਇਲ ਹੋਏ ਤੁਰਕ ਫ਼ੌਜੀਆਂ ਨੂੰ ਪ੍ਰਭੂ ਦੀ ਆਤਮਾ ਜਾਣ ਕੇ ਬੜੇ ਪਿਆਰ ਨਾਲ ਪਾਣੀ ਪਿਲਾਉਂਦੇ । ਇਹ ਸੀ ਨਿਰਭਉ ਤੇ ਨਿਰਵੈਰਤਾ ਦਾ ਪ੍ਰਤੱਖ ਸਬੂਤ । ਇਹ ਗੁਣ ਭਾਈ ਘਨੱਈਆ ਜੀ ਨੇ ਆਪਣੀ ਸਿਆਣਪ ਨਾਲ ਨਹੀਂ ਸਨ ਧਾਰਨ ਕੀਤੇ । ਇਹ ਉਪਦੇਸ਼ ਹਿੰਦੂ ਧਰਮ ਦੇ ਰਾਖੇ ਸ਼੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਤੋਂ ਮਿਲਿਆ ਸੀ । ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਈ ਘਨੱਈਆ ਜੀ ਵਿਰੁੱਧ ਸਿੱਖਾਂ ਪਾਸੋਂ ਸ਼ਿਕਾਇਤ ਸੁਣਕੇ ਭਾਈ ਜੀ ਪਾਸੋਂ ਪੁੱਛਿਆ ਕਿ ਤੂੰ ਵੈਰੀਆ ਨੂੰ ਪਾਣੀ ਕਿਉ ਪਿਲਾਉਂਦਾ ਹੈਂ ਤਾਂ ਭਾਈ ਘਨੱਈਆ ਜੀ ਨੇ ਸਤਿਕਾਰ ਸਹਿਤ ਬੇਨਤੀ ਕੀਤੀ ਸੱਚੇ ਪਾਤਸ਼ਾਹ ਆਪ ਜੀ ਦਾ ਉਪਦੇਸ਼ ਹੈ

- 'ਨਾ ਕੋ ਬੈਰੀ ਨਹੀ ਬਿਗਾਨਾ'
- ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ ॥ ਦੇ ਅਨੁਸਾਰ ਚਲਦਾ ਹਾਂ ।

ਇਤ ਸਿੰਘਨ ਮਹਿ ਆਪ ਬਿਰਾਜੈਂ ।
ਉਤ ਤੁਰਕਨ ਮਹਿ ਤੁਮ ਹੀ ਛਾਜੈਂ ।

ਸੋ ਮੈ ਤਾਂ ਆਪ ਜੀ ਨੂੰ ਹੀ ਪਾਣੀ ਪਿਲਾਉਂਦਾ ਹਾਂ, ਕੋਈ ਵੈਰੀ ਨਹੀਂ ਦਿੱਸਦਾ ਸਭ ਜੀਵਾਂ ਵਿੱਚ ਪ੍ਰਮੇਸ਼ਵਰ ਦਾ ਰੂਪ ਦਿੱਸਦਾ ਹੈ । ਇਹ ਸੁਣ ਕੇ ਕਲਗੀਧਰ ਜੀ ਪ੍ਰਸੰਨ ਹੋਏ, 'ਜੋ ਦੀਸੈ ਸੋ ਤੇਰਾ ਰੂਪੁ' ਦੇ ਆਦਰਸ਼ ਨੂੰ ਤੂੰ ਸਮਝਿਆ ਹੈ । ਗਲ ਨਾਲ ਲਾਇਆ ਤੇ ਮੱਲ੍ਹਮ ਦੀ ਡੱਬੀ ਦੀ ਬਖਸ਼ਿਸ਼ ਕਰਕੇ ਬਚਨ ਕੀਤੇ, 'ਪਾਣੀ ਦੀ ਸੇਵਾ ਨਾਲ ਮੱਲਮ੍ਹ ਪੱਟੀ ਦੀ ਸੇਵਾ ਕਰਨੀ' ਤੇ ਖ਼ਾਲਸੇ ਨੂੰ ਬਚਨ ਕੀਤੇ, 'ਕਿ ਭਾਈ ਘਨੱਈਆ ਜੀ ਨੂੰ ਮਿੱਤਰ ਸ਼ਤਰੂ ਸਭਨਾਂ ਵਿੱਚ ਇੱਕ ਅਕਾਲ ਪੁਰਖ ਹੀ ਦਿੱਸਦਾ ਹੈ । ਇਸ ਦੀ ਸੇਵਾ ਗੁਰੂ ਨਾਨਕ ਦੇ ਦਰ ਪ੍ਰਵਾਨ ਹੈ । ਤੁਸੀਂ ਵੀ ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਰਹੋ । ਖ਼ਾਲਸੇ ਪੰਥ ਦੀ ਸਮਦ੍ਰਿਸ਼ਟੀ ਸੇਵਾ ਕਰਨ ਵਾਲੀ ਅਦੁੱਤੀ ਸ਼ਾਖਾ ਹੋਵੇਗੀ । ਯਥਾ :-

ਇਹ ਭੀ ਆਪਨੋ ਪੰਥ ਪ੍ਰਕਾਸ਼ੈ ॥
ਬਹੁ ਲੋਕਨ ਕੀ ਕੁਮਤਿ ਬਿਨਾਸ਼ੈ ॥

ਸੋ ਕਲਗ਼ੀਧਰ ਜੀ ਦੀ ਰਚਨਾ ਅਨੁਸਾਰ ਭਾਈ ਘਨੱਈਆ ਜੀ ਤੋਂ ਸਾਧੂ ਸੇਵਾ ਪੰਥੀ ਸੰਪਰਦਾ ਆਰੰਭ ਹੋਈ, ਜੋ ਸਿੱਖ ਧਰਮ ਦਾ ਮਹੱਤਵਪੂਰਨ ਅੰਗ ਹੈ । ਇਸ ਸੰਪਰਦਾ ਦੇ ਸਾਧੂਆਂ ਨੇ ਗ੍ਰਹਿਸਤ ਨੂੰ ਪ੍ਰਵਾਨ ਨਹੀਂ ਕੀਤਾ, ਮਠਵਾਸੀ ਜਾਂ ਜੰਗਲਵਾਸੀ ਵੀ ਨਹੀ ਬਣੇ । ਗੁਰਮਤਿ ਅਨੁਸਾਰ ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣ ਦੇ ਅਸੂਲਾਂ ਨੂੰ ਅਪਣਾ ਕੇ ਸਿੱਖ ਪੰਥ ਵਿੱਚ ਗੁਰਮਤਿ ਪ੍ਰਵਾਨ ਨਿਯਮਾਂ ਨੂੰ ਧਾਰਣ ਕੀਤਾ । ਭਾਈ ਘਨੱਈਆ ਜੀ ਦੇ ਪਾਵਨ ਜੀਵਨ ਨੂੰ ਪੋਥੀ ਪਰਚੀਆਂ ਭਾਈ ਘਨੱਈਆ ਜੀ ਵਿੱਚ ਭਾਈ ਸਹਿਜ ਰਾਮ ਜੀ ਨੇ ਬਹੁਤ ਸੁੰਦਰ ਲਿਖਿਆ ਹੈ । ਪੰਜਾਬੀ ਸਾਹਿਤ ਨੂੰ ਸੇਵਾ ਪੰਥੀ ਸਾਧੂਆਂ ਦੀ ਰਚਨਾ ਨੇ ਬਹੁਤ ਸਹਿਯੋਗ ਦਿੱਤਾ ਹੈ । ਸੇਵਾ ਪੰਥੀ ਸੰਪਰਦਾ ਦੇ ਬਾਰੇ ਪ੍ਰੋਫੈਸਰ ਪ੍ਰੀਤਮ ਸਿੰਘ, ਪਿਆਰਾ ਸਿੰਘ 'ਪਦਮ' ਤੇ ਡਾ: ਗੁਰਮੁਖ ਸਿੰਘ ਨੇ ਬਹੁਤ ਖੋਜ ਭਰਪੂਰ ਲੇਖ ਲਿਖੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਸਮਦ੍ਰਿਸ਼ਟੀ , ਸੇਵਾ ਭਾਵ, ਪ੍ਰਭੂ ਸਿਮਰਨ ਤੇ ਸਦਾਚਾਰੀ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ।

ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਅਨੁਸਾਰ ਭਾਈ ਘਨੱਈਆ ਜੀ ਦੀ ਕੀਤੀ ਘਾਲ ਕਮਾਈ, ਏਕਤਾ, ਸਾਂਝੀਵਾਲਤਾ ਤੇ ਪ੍ਰਭੂ ਨੂੰ ਸਰਬ-ਵਿਆਪੀ ਜਾਣਨ ਦਾ ਅਦੁੱਤੀ ਨਮੂਨਾ ਹੈ । ਜੋ ਭਾਈ ਘਨੱਈਆ ਜੀ ਦੇ ਮਾਰਗ ਨੂੰ ਸਾਰੇ ਅਪਣਾਉਣ ਤਾ ਸਾਰੇ ਸੰਸਾਰ ਵਿੱਚ ਸ਼ਾਂਤੀ ਦਾ ਵਰਤਾਉ ਹੋ ਸਕਦਾ ਹੈ ।

# ਬ੍ਰਹਮ ਗਿਆਨੀ ਭਾਈ ਘਨੱਈਆ ਜੀ ਦੀ ਸੇਵਾ ਭਗਤੀ

-ਪ੍ਰੋ:ਬ੍ਰਹਮਜਗਦੀਸ਼ ਸਿੰਘ

ਸਿੱਖ ਇਤਿਹਾਸ ਨਾਲ ਸੰਬੰਧਿਤ ਦੰਤ-ਕਥਾਵਾਂ ਵਿੱਚ ਭਾਈ ਘਨੱਈਆ ਜੀ ਸੇਵਾ ਦੇ ਇੱਕ ਉੱਚਤਮ ਪ੍ਰਤੀਕ ਵਜੋਂ ਜਨ-ਮਾਨਸ ਦੀ ਸਿਮ੍ਰਤੀ ਦਾ ਅਭਿੰਨ ਅੰਗ ਬਣੇ ਹੋਏ ਹਨ। ਇਨ੍ਹਾਂ ਦੰਤ-ਕਥਾਵਾਂ ਅਨੁਸਾਰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਮੁਗ਼ਲਾਂ ਨਾਲ ਹੋਏ ਜੰਗਾਂ-ਯੁੱਧਾਂ ਵਿੱਚ ਆਪ ਜ਼ਖਮੀ ਸਿਪਾਹੀਆਂ ਨੂੰ ਪਾਣੀ ਪਿਆਉਣ ਦੀ ਸੇਵਾ ਕਰਦੇ ਸਨ। ਪਾਣੀ ਪਿਲਾਉਣ ਸਮੇ ਆਪ ਇੰਨੇ ਸਮਦਰਸ਼ੀ ਹੋ ਜਾਂਦੇ ਸਨ ਕਿ ਆਪਣੇ ਅਤੇ ਬਿਗਾਨੇ ਦੀ ਤਮੀਜ਼ ਨਹੀਂ ਸਨ ਰੱਖਦੇ। ਆਪ ਦਾ ਆਦਰਸ਼ ਹੁੰਦਾ ਸੀ।

**ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥**

ਦੁਸ਼ਮਣਾਂ ਨੂੰ ਪਾਣੀ ਪਿਆਉਂਦੇ ਦੇਖ ਕੁੱਝ ਸਿੱਖਾਂ ਨੇ ਭਾਈ ਸਾਹਿਬ ਨੂੰ ਆਪਣੇ ਪਾਸ ਬੁਲਾ ਲਿਆ ਅਤੇ ਸਿੰਘਾਂ ਦੀ ਸ਼ਿਕਾਇਤ ਦੇ ਪ੍ਰਸੰਗ ਵਿੱਚ ਉਸ ਤੋਂ ਦੁਸ਼ਮਣਾਂ ਨੂੰ ਪਾਣੀ ਪਿਲਾਉਣ ਦਾ ਕਾਰਨ ਪੁੱਛਿਆ। ਭਾਈ ਘਨੱਈਆ ਜੀ ਨੇ ਬੇਨਤੀ ਕੀਤੀ ਕਿ ਮੈਂ ਤਾਂ ਹਰ ਜ਼ਖਮੀ ਸਿਪਾਹੀ ਨੂੰ ਪਰਮਾਤਮਾ ਦੀ ਅੰਸ਼ ਅਤੇ ਆਪ ਦਾ ਪ੍ਰਤਿਰੂਪ ਮੰਨ ਕੇ ਪਾਣੀ ਪਿਆਉਂਦਾ ਹਾਂ। ਮੈਨੂੰ ਮਿੱਤਰ ਜਾਂ ਦੁਸ਼ਮਣ ਦੀ ਪਹਿਚਾਣ ਨਹੀਂ ਹੈ। ਗੁਰੂ ਜੀ ਉਸ ਦਾ ਇਹ ਉੱਤਰ ਸੁਣ ਕੇ ਮੁਸਕਰਾਏ ਅਤੇ ਮਲ੍ਹੱਮ ਦੀ ਇੱਕ ਡੱਬੀ ਦਿੰਦਿਆਂ ਹੋਇਆਂ ਕਿਹਾ ਕਿ ਅੱਗੇ ਤੋਂ ਪਾਣੀ ਪਿਆਉਣ ਦੇ ਨਾਲ-ਨਾਲ ਹਰ ਇੱਕ ਜ਼ਖਮੀ ਦੇ ਜ਼ਖਮਾਂ ਉਪਰ ਮੱਲ੍ਹਮ ਵੀ ਲਾ ਦਿਆ ਕਰੋ। ਇਸੇ ਤਰ੍ਹਾਂ ਦੀ ਇੱਕ ਹੋਰ ਜਨਸ਼ਰੁਤੀ ਇਹ ਹੈ ਕਿ ਅੰਮ੍ਰਿਤ ਪਾਨ ਕਰਨ ਤੋਂ ਬਾਅਦ ਭਾਈ ਘਨੱਈਆ ਜੀ ਨੇ ਤਲਵਾਰ ਧਾਰਨ ਕਰ ਲਈ ਸੀ। ਉਨ੍ਹਾਂ ਦੇ ਸਾਧੂ ਸੁਭਾਉ ਨੂੰ ਵੇਖਕੇ ਕੁੱਝ ਸਿੰਘਾਂ ਨੇ ਕਿਹਾ ਕਿ ਤੂੰ ਇਸ ਤਲਵਾਰ ਦਾ ਕੀ ਕਰੇਂਗਾ ? ਤਾਂ ਭਾਈ ਘਨੱਈਆ ਜੀ ਨੇ ਉਤੱਰ ਦਿੱਤਾ ਕਿ ਮੈਂ ਇਹ ਤਲਵਾਰ ਆਪਣੇ ਕਿਸੇ ਨਿੱਹਥੇ ਦੁਸ਼ਮਣ ਨੂੰ ਦੇ ਦੇਵਾਂਗਾ ਅਤੇ ਕਹਾਂਗਾ ਕਿ ਜੇ ਤੂੰ ਹੋਰ ਕਿਸੇ ਦਾ ਕਤਲ ਨਹੀਂ ਕਰ ਸਕਦਾ ਤਾਂ ਅਹਿ ਲੈ। ਮੈਂ ਤੇਰੇ ਸਾਹਮਣੇ ਖੜ੍ਹਾ ਹਾਂ। ਤੂੰ ਮੈਨੂੰ ਹੀ ਕਤਲ ਕਰਕੇ ਆਪਣੇ ਪ੍ਰਤੀਸ਼ੋਧ ਦੀ ਜਵਾਲਾ ਨੂੰ ਸ਼ਾਂਤ ਕਰ ਲੈ। ਇੱਕ ਕਵੀ ਦੇ ਕਥਨ ਅਨੁਸਾਰ :-

ਇੱਧਰ ਆ ਓ ਜ਼ਾਲਿਮ ਹੁਨਰ ਆਜ਼ਮਾਏਂ।
ਤੂੰ ਸ਼ਮਸ਼ੀਰ ਆਜ਼ਮਾ ਹਮ ਜਿਗਰ ਆਜ਼ਮਾਏਂ।

ਸਿੱਖ ਇਤਿਹਾਸ ਦੇ ਇਸ ਵਿਲੱਖਣ ਸਿਤਾਰੇ ਦਾ ਜਨਮ 1648 ਈਸਵੀ ਨੂੰ ਪੱਛਮੀ ਪੰਜਾਬ ਦੇ ਇੱਕ ਕਸਬੇ ਸੋਧਰਾ ਵਿੱਚ ਮੁਨਸ਼ੀ ਨੱਥੂ ਰਾਮ ਦੇ ਗ੍ਰਹਿ ਵਿਖੇ ਹੋਇਆ। ਮੁਨਸ਼ੀ ਨੱਥੂ ਰਾਮ ਜੀ ਇੱਕ ਮੁਸਾਹਿਬ ਦੇ ਕਾਰਦਾਰ ਸਨ ਅਤੇ ਹਮੇਸ਼ਾਂ ਉਸਦੇ ਨਾਲ ਹੀ ਰਹਿੰਦੇ ਸਨ। ਪਰੰਤੂ ਆਪ ਦਾ ਬਹੁਤਾ ਝੁਕਾ ਨਾਮ-ਸਿਮਰਨ ਅਤੇ ਲੋਕ-ਸੇਵਾ ਵੱਲ ਸੀ। ਜਦੋਂ ਵੀ ਵਕਤ ਮਿਲਦਾ ਆਪ, ਸਿਮਰਨ ਅਤੇ ਸੇਵਾ ਵਿੱਚ ਰੁੱਝ ਜਾਂਦੇ ਸਨ। ਮੁਨਸ਼ੀ ਨੱਥੂ ਰਾਮ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਭਾਈ ਘਨੱਈਆ ਜੀ ਇਸ ਅਧਿਕਾਰੀ ਦੇ ਕਾਰਦਾਰ ਬਣ ਗਏ। ਪਰੰਤੂ ਆਪ ਵੀ ਆਪਣੇ ਪਿਤਾ ਜੀ ਵਾਂਗ ਸਰਕਾਰੀ ਕੰਮ ਕਰਨ ਦੀ

ਬਜਾਇ ਸੇਵਾ ਅਤੇ ਸਿਮਰਨ ਨੂੰ ਤਰਜੀਹ ਦਿੰਦੇ ਸਨ । ਇੱਕ ਵਾਰ ਆਪ ਨੂੰ ਪਤਾ ਚੱਲਿਆ ਕਿ ਗੁਰੂ ਤੇਗ਼ ਬਹਾਦਰ ਜੀ ਡਰੋਲੀ ਆਏ ਹੋਏ ਹਨ । ਆਪ ਗੁਰੂ ਜੀ ਦੇ ਦਰਸ਼ਨਾਂ ਲਈ ਡਰੋਲੀ ਪਹੁੰਚ ਗਏ ਅਤੇ ਜਾਣ ਸਾਰ ਗੁਰੂ ਜੀ ਦੇ ਤਬੇਲੇ ਵਿੱਚ ਘੋੜਿਆਂ ਦੀ ਸੇਵਾ ਸੰਭਾਲ ਲਈ । ਆਪ ਦੀ ਸੇਵਾ-ਭਾਵਨਾ ਨੂੰ ਵੇਖਦਿਆਂ ਹੋਇਆ ਗੁਰੂ ਤੇਗ ਬਹਾਦਰ ਜੀ ਨੇ ਆਪ ਨੂੰ ਕੈਂਮਲਪੁਰ ਜ਼ਿਲੇ ਵਿੱਚ ਗੁਰਮਤਿ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ । ਕਹਵਾ ਨਾਮ ਦੇ ਇੱਕ ਕਸਬੇ ਵਿੱਚ ਭਾਈ ਸਾਹਿਬ ਨੇ ਆਪਣਾ ਕੇਂਦਰ ਸਥਾਪਤ ਕਰ ਲਿਆ । ਇਹ ਕੇਂਦਰ ਬਹੁਤ ਮਕਬੂਲ ਹੋ ਗਿਆ ਅਤੇ ਬਹੁਤ ਸਾਰੇ ਲੋਕ ਗੁਰਸਿੱਖੀ ਨਾਲ ਜੁੜਨ ਲੱਗੇ ।

1675 ਈ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਸਮਾਚਾਰ ਸੁਣਕੇ ਆਪ ਵੈਰਾਗ ਵਿੱਚ ਆ ਗਏ । ਇਸ ਭਾਵਨਾ ਤੋਂ ਮੁਕਤ ਹੋਣ ਲਈ ਆਪ ਦਸਮ ਪਿਤਾ ਪਾਸ ਆਨੰਦਪੁਰ ਸਾਹਿਬ ਪਹੁੰਚੇ । ਇੱਥੇ ਆ ਕੇ ਵਾਪਸ ਮੁੜਨ ਨੂੰ ਦਿਲ ਨਾ ਕੀਤਾ ਅਤੇ ਆਪ ਲੰਗਰ ਵਿੱਚ ਪਾਣੀ ਭਰਨ ਦੀ ਸੇਵਾ ਕਰਨ ਲੱਗ ਪਏ । ਇਨ੍ਹਾਂ ਹੀ ਦਿਨਾਂ ਵਿੱਚ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਯੁੱਧ ਸ਼ੁਰੂ ਹੋ ਗਏ । ਇਨ੍ਹਾਂ ਯੁੱਧਾਂ ਵਿੱਚ ਆਪ ਜ਼ਖਮੀ ਸਿਪਾਹੀਆਂ ਨੂੰ ਪਾਣੀ ਪਿਆਇਆ ਕਰਦੇ ਸਨ । ਮੱਲ੍ਹਮ ਦੀ ਡੱਬੀ ਬਖ਼ਸ਼ਿਸ਼ ਕਰਨ ਦਾ ਬ੍ਰਿਤਾਂਤ 1704 ਈ:ਵਿੱਚ ਗੁਰੂ ਜੀ ਦੇ ਮੁਗਲਾਂ ਨਾਲ ਆਨੰਦਪੁਰ ਵਿਖੇ ਹੋਏ ਯੁੱਧ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਅਸੀਂ ਇਸ ਗੌਰਵਸ਼ੀਲ ਬ੍ਰਿਤਾਂਤ ਦਾ (2004 ਨੂੰ) ਤਿੰਨ ਸੌ ਸਾਲਾ ਪੁਰਬ ਮਨਾ ਚੁੱਕੇ ਹਾਂ ।

ਸਿੱਖ ਇਤਿਹਾਸ ਵਿੱਚ ਸੇਵਾ ਨੂੰ ਗੁਰਸਿੱਖ ਦੇ ਸ਼ਖਸੀ ਅਤੇ ਸਮਾਜਿਕ ਜੀਵਨ ਦਾ ਇੱਕ ਅਭਿੰਨ ਅੰਗ ਮੰਨਿਆ ਜਾਂਦਾ ਰਿਹਾ ਹੈ । ਜਦੋਂ ਗੁਰੂ ਨਾਨਕ ਦੇਵ ਜੀ ਨੇ ਆਪਣੇ ਉੱਤਰਾਧਿਕਾਰੀ ਗੁਰੂ ਦੀ ਚੋਣ ਕਰਨੀ ਸੀ ਤਾਂ ਆਪ ਨੇ ਸੇਵਾ ਨੂੰ ਹੀ ਕਸੌਟੀ ਵਜੋਂ ਵਰਤਿਆ । ਉਸ ਦਿਨ ਭਾਈ ਲਹਿਣਾ ਜੀ ਆਪਣੇ ਪਿੰਡੋਂ ਪਰਿਵਾਰ ਨੂੰ ਮਿਲ ਕੇ ਗੁਰੂ ਨਾਨਕ ਦੇਵ ਜੀ ਪਾਸ ਪਹੁੰਚੇ ਹੀ ਸਨ । ਉਨ੍ਹਾਂ ਨੇ ਰੇਸ਼ਮੀ ਬਸਤਰ ਪਹਿਨੇ ਹੋਏ ਸਨ । ਬਾਰਿਸ਼ ਹੋ ਰਹੀ ਸੀ । ਗੁਰੂ ਨਾਨਕ ਦੇਵ ਜੀ ਨੇ ਆਪਣੇ ਸਪੁੱਤਰਾਂ ਅਤੇ ਹੋਰ ਸੇਵਕਾਂ ਨੂੰ ਕਿਹਾ ਕਿ ਪਸ਼ੂਆਂ ਲਈ ਚਾਰਾ ਵੱਢ ਕੇ ਲਿਆਓ । ਮੀਂਹ ਤੋਂ ਡਰਦਿਆਂ ਹੋਇਆ ਹਰ ਕੋਈ ਬਹਾਨੇਬਾਜ਼ੀ ਕਰਨ ਲੱਗਾ ਪਰੰਤੂ ਲਹਿਣਾ ਜੀ ਵਰ੍ਹਦੇ ਹੋਏ ਮੀਂਹ ਵਿੱਚ ਖੇਤਾਂ ਨੂੰ ਚਲੇ ਗਏ ਅਤੇ ਥੋੜੇ ਸਮੇਂ ਬਾਅਦ ਪੱਠਿਆਂ ਦੀ ਪੰਡ ਆਪਣੇ ਸਿਰ ਉਪਰ ਚੁੱਕ ਕੇ ਗੁਰੂ ਜੀ ਦੇ ਦਰਬਾਰ ਵਿੱਚ ਹਾਜ਼ਰ ਹੋ ਗਏ । ਮਾਤਾ ਸੁਲੱਖਣੀ ਜੀ ਨੇ ਆਪ ਜੀ ਦੇ ਰੇਸ਼ਮੀ ਕੱਪੜਿਆਂ ਉਪਰ ਪਏ ਚਿੱਕੜ ਉਤੇ ਆਪਣੀ ਚਿੰਤਾ ਦਾ ਇਜ਼ਹਾਰ ਕੀਤਾ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਇਹ ਚਿੱਕੜ ਨਹੀਂ ਬਲਕਿ ਕੇਸਰ ਦੇ ਛਿੱਟੇ ਹਨ । ਉਸੇ ਸਮੇਂ ਗੁਰੂ ਜੀ ਨੇ ਇਹ ਫੈਸਲਾ ਕਰ ਲਿਆ ਕਿ ਸਿੱਖ ਪੰਥ ਦੀ ਅਗਵਾਈ ਕਰਨ ਵਾਸਤੇ ਲਹਿਣਾ ਜੀ ਹੀ ਸਭ ਤੋਂ ਉਚਿੱਤ ਗੁਰੂ ਸਿੱਧ ਹੋਣਗੇ । ਇੱਕ ਕਵੀ ਦੇ ਸ਼ਬਦਾਂ ਵਿੱਚ :

ਜੋਤਿ ਕੋ ਇਕ ਜੋਤਿ ਸੇ ਸਤਿਗੁਰ ਨੇ ਪੈਦਾ ਕਰ ਦੀਆ ।<br>
ਅੰਗ ਸੇ ਅਪਨੇ ਲਗਾ ਲਹਿਣੇ ਕੋ ਅੰਗਦ ਕਰ ਦੀਆ ।

ਇਸੇ ਤਰ੍ਹਾਂ ਦਾ ਇੱਕ ਹੋਰ ਪ੍ਰਸੰਗ ਗੁਰੂ ਅਮਰਦਾਸ ਜੀ ਦੁਆਰਾ ਲਈ ਗਈ ਪ੍ਰੀਖਿਆ ਨਾਲ ਵੀ ਜੁੜਿਆ ਹੋਇਆ ਹੈ। ਗੁਰੂ ਜੀ ਨੇ ਆਪਣੇ ਚੋਣਵੇਂ ਸਿੱਖਾਂ ਨੂੰ ਥੜ੍ਹੇ ਬਣਾਉਣ ਲਈ ਕਿਹਾ। ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਵੀ ਇਨ੍ਹਾਂ ਚੋਣਵੇਂ ਸਿੱਖਾਂ ਵਿੱਚ ਸ਼ਾਮਲ ਸਨ। ਥੜ੍ਹੇ ਬਣ ਜਾਣ ਉਪਰੰਤ ਗੁਰੂ ਜੀ ਨੇ ਇਹ ਨਾ-ਪਸੰਦ ਕਰਦਿਆਂ ਹੋਇਆਂ ਢਾਹ ਕੇ ਨਵੇਂ ਸਿਰਿਉਂ ਬਣਾਉਣ ਦ ਹੁਕਮ ਦਿੱਤਾ। ਇਹ ਪ੍ਰਕ੍ਰਿਆ ਕਈ ਵਾਰ ਦੁਹਰਾਈ ਗਈ। ਆਖਰ ਵਿੱਚ ਇੱਕ-ਇੱਕ ਕਰਕੇ ਸਾਰੇ ਸਿੱਖ ਇਹ ਕਹਿਕੇ ਇਸ ਕੰਮ ਤੋਂ ਹਟ ਗਏ ਕਿ ਜੇ ਆਪ ਨੂੰ ਪਸੰਦ ਹੀ ਨਹੀਂ ਤਾਂ ਵਾਰ-ਵਾਰ ਬਣਵਾ ਕੇ ਕੀ ਕਰਨਾ ਹੈ। ਇਕੱਲੇ ਭਾਈ ਜੇਠਾ ਜੀ ਹੀ ਇਸ ਸੇਵਾ ਵਿੱਚ ਜੁਟੇ ਰਹੇ। ਸੇਵਾ-ਭਾਵਨਾ ਦੀ ਇਸੇ ਪਰਿਪੱਕਤਾ ਅਤੇ ਇਕਾਗਰਤਾ ਨੂੰ ਵੇਖਦਿਆਂ ਹੋਇਆਂ ਹੀ ਗੁਰੂ ਜੀ ਨੇ ਆਪ ਨੂੰ ਗੁਰੂ ਰਾਮਦਾਸ ਜੀ ਦੇ ਰੂਪ ਵਿੱਚ ਸਿੱਖ ਪੰਥ ਦੇ ਚੌਥੇ ਗੁਰੂ ਵਜੋਂ ਅਲੰਕ੍ਰਿਤ ਕੀਤਾ ਸੀ।

ਗੁਰੂ ਅਮਰਦਾਸ ਜੀ ਖੁਦ ਸੇਵਾ ਦੀ ਸਾਕਾਰ ਮੂਰਤਿ ਰਹੇ ਹਨ। ਜਦੋਂ ਆਪ ਗੁਰੂ ਅੰਗਦ ਦੇਵ ਜੀ ਦੇ ਸਿੱਖ ਬਣੇ ਸਨ ਤਾਂ ਉਮਰੋਂ ਅਤੇ ਰਿਸ਼ਤਿਉਂ ਗੁਰੂ ਅੰਗਦ ਦੇਵ ਜੀ ਤੋਂ ਵੱਡੀ ਥਾਂ ਹੋਣ ਦੇ ਬਾਵਜੂਦ ਹਰ ਰੋਜ਼ ਸਵੇਰੇ ਦੋ ਵਜੇ ਉੱਠ ਕੇ ਗੋਇੰਦਵਾਲ ਸਾਹਿਬ ਕੋਲ ਵਗਦੀ ਬਿਆਸਾ ਨਦੀ ਵਿੱਚੋਂ ਪਾਣੀ ਦੀ ਗਾਗਰ ਭਰ ਕੇ ਖਡੂਰ ਸਾਹਿਬ ਲਿਆਉਂਦੇ ਅਤੇ ਗੁਰੂ ਜੀ ਨੂੰ ਇਸ਼ਨਾਨ ਕਰਵਾਉਂਦੇ ਸਨ। ਇਸੇ ਸੇਵਾ ਦੇ ਸਦਕਾ ਆਪ 'ਨਿਥਾਵਿਆਂ ਦੀ ਥਾਂ' ਅਤੇ 'ਨਿਆਸਰਿਆਂ ਦੇ ਆਸਰੇ' ਬਣੇ ਸਨ। ਸਿਰੀ ਰਾਗ ਵਿੱਚ ਗੁਰੂ ਅਰਜਨ ਦੇਵ ਜੀ ਸੇਵਾ ਦੀ ਮਹਾਨਤਾ ਨੂੰ ਦਰਸਾਉਂਦੇ ਹੋਏ ਫੁਰਮਾਉਂਦੇ ਹਨ :

ਮੈਂ ਬਧੀ ਸਚੁ ਧਰਮ ਸਾਲ ਹੈ ॥ ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥

ਸਿੱਖ ਇਤਿਹਾਸ ਵਿੱਚ ਸੇਵਾ ਦੀ ਮਹਿਮਾ ਨੂੰ ਬਿਆਨ ਕਰਦਾ ਹੋਇਆ ਇੱਕ ਹੋਰ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਨਾਲ ਸੰਬੰਧਿਤ ਹੈ। ਇਸ ਬ੍ਰਿਤਾਂਤ ਅਨੁਸਾਰ ਇੱਕ ਦਿਨ ਗੁਰੂ ਜੀ ਨੂੰ ਪਿਆਸ ਲੱਗੀ ਤਾਂ ਉਨ੍ਹਾਂ ਆਪਣੇ ਕਿਸੇ ਸਿੰਘ ਨੂੰ ਪਾਣੀ ਲਿਆਉਣ ਲਈ ਆਵਾਜ਼ ਮਾਰੀ। ਆਵਾਜ਼ ਸੁਣਦਿਆਂ ਹੀ ਇੱਕ ਨੌਜਵਾਨ ਪਾਣੀ ਦਾ ਗਲਾਸ ਭਰ ਕੇ ਲੈ ਆਇਆ। ਗਲਾਸ ਫੜਨ ਸਮੇਂ ਗੁਰੂ ਜੀ ਨੇ ਇਸ ਨੌਜਵਾਨ ਦੇ ਕੋਮਲ ਹੱਥਾਂ ਵੱਲ ਵੇਖਦਿਆਂ ਹੋਇਆ ਪੁੱਛਿਆ ਕਿ ਨੌਜਵਾਨ ! ਤੇਰੇ ਹੱਥ ਬੜੇ ਸੁੰਦਰ ਹਨ ! ਕੀ ਕੰਮ ਕਰਦਾ ਹੁੰਦਾ ਏ ? ਨੌਜਵਾਨ ਨੇ ਬੜੇ ਅਭਿਮਾਨ ਨਾਲ ਕਿਹਾ ਕਿ ਮੈਂ ਬੜੇ ਅਮੀਰ ਘਰ ਦਾ ਲੜਕਾ ਹਾਂ। ਮੈਨੂੰ ਹੱਥਾਂ ਨਾਲ ਕੰਮ ਕਰਨ ਦੀ ਕੀ ਲੋੜ ਏ ! ਇਹ ਸੁਣ ਕੇ ਗੁਰੂ ਜੀ ਨੇ ਪਾਣੀ ਦਾ ਗਲਾਸ ਵਾਪਸ ਕਰ ਦਿੱਤਾ ਅਤੇ ਕਿਹਾ ਕਿ ਤੇਰੇ ਹੱਥ ਅਪਵਿੱਤਰ ਹਨ। ਮੈਂ ਇਹ ਪਾਣੀ ਨਹੀਂ ਪੀ ਸਕਦਾ। ਇਸ ਤਰ੍ਹਾਂ ਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਕਿ ਜਿਹੜੇ ਹੱਥ ਕਿਰਤ ਨਹੀਂ ਕਰਦੇ, ਸੇਵਾ ਨਹੀਂ ਨਿਭਾਉਂਦੇ, ਉਹ ਅਪਵਿੱਤਰ ਹੁੰਦੇ ਹਨ। ਸਰੀਰ ਨੂੰ ਪਵਿੱਤਰ ਬਣਾਉਣ ਲਈ ਸੇਵਾ ਦੀ ਕੁਠਾਲੀ ਵਿੱਚ ਤਪਾਉਣਾ ਪੈਂਦਾ ਹੈ। ਇੱਕ ਗੁਰਵਾਕ ਅਨੁਸਾਰ :

ਪ੍ਰਭੁ ਇਹੈ ਮਨੋਰਥ ਮੇਰਾ ॥
ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ ॥ ਰਹਾਉ ॥
ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ ॥
ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ ॥

ਗੁਰਸਿੱਖੀ ਦੇ ਆਗਮਨ ਤੋਂ ਪਹਿਲਾਂ ਭਾਰਤੀ ਸਮਾਜ ਵਿੱਚ ਸੇਵਾ ਦੀ ਕੋਈ ਉਲੇਖਯੋਗ ਪਰੰਪਰਾ ਨਹੀਂ ਸੀ । ਹਿੰਦੂ ਸਮਾਜ ਦੀ ਜਾਤ-ਪਾਤੀ ਵਿਵਸਥਾ ਅਨੁਸਾਰ ਸ਼ੂਦਰ ਸ਼੍ਰੇਣੀ ਨੂੰ ਸਮਾਜ ਦੇ ਉੱਚ-ਵਰਗਾਂ ਦੀ ਸੇਵਾ ਲਈ ਮਜਬੂਰ ਕੀਤਾ ਗਿਆ ਸੀ । ਇਸ ਸੂਰਤ ਵਿੱਚ ਸੇਵਾ ਇੱਕ ਵਿਵੱਸੰਤਾ ਸੀ ਅਤੇ ਇਸ ਵਿੱਚ ਵਿਅਕਤੀ ਦੀ ਸ੍ਵੈ-ਇੱਛਾ ਜਾਂ ਸਮਰਪਣ-ਭਾਵਨਾ ਮੌਜੂਦ ਨਹੀਂ ਸੀ । ਗਿਆਰ੍ਹਵੀ-ਬਾਰ੍ਹਵੀ ਸਦੀ ਵਿੱਚ ਇਸਲਾਮ ਆਇਆ ਤਾਂ ਧਰਮ ਨਾਲ ਸੰਬੰਧਿਤ ਲੋਕ ਆਪਣੇ ਆਪ ਨੂੰ ਹੁਕਮਰਾਨਾਂ ਦੇ ਰੂਪ ਵਿੱਚ ਵੇਖਦੇ ਸਨ । ਸੋ ਇਨ੍ਹਾਂ ਲਈ ਸੇਵਾ ਕਰਨ ਦਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ । ਸੂਫੀ ਦਾਇਰਿਆਂ ਵਿੱਚ ਸੇਵਾ ਦਾ ਸੰਕਲਪ ਮੌਜੂਦ ਸੀ ਪਰ ਇਹ ਸੰਕਲਪ ਕੇਵਲ ਇੱਕਾ-ਦੁੱਕਾ ਵਿਅਕਤੀਆਂ ਤੱਕ ਹੀ ਮਹਿਦੂਦ ਸੀ । ਪੰਦਰ੍ਹਵੀ ਸਦੀ ਵਿੱਚ ਹਿੰਦੂ ਸਮਾਜ ਅਤੇ ਮੁਸਲਮਾਨੀ ਹਕੂਮਤ ਦੇ ਟਕਰਾਉ ਵਿੱਚੋਂ ਸਿੱਖ ਧਰਮ ਇਸ ਤਰ੍ਹਾਂ ਪ੍ਰਗਟ ਹੋਇਆ ਜਿਵੇਂ ਰਕਤਬੀਜ ਰਾਕਸ਼ ਨਾਲ ਯੁੱਧ ਕਰਨ ਸਮੇਂ ਦੁਰਗਾ ਦੇ ਮੱਥੇ ਵਿੱਚੋਂ ਚੰਡੀ ਪ੍ਰਗਟ ਹੋਈ ਸੀ । ਸਿੱਖ ਧਰਮ ਵਿੱਚ ਸੇਵਾ ਦੇ ਜਜ਼ਬੇ ਨੂੰ ਸਭ ਤੋਂ ਸ਼ਿਰੋਮਣੀ ਜਜ਼ਬੇ ਦੇ ਰੂਪ ਵਿੱਚ ਪਹਿਚਾਣਿਆ ਗਿਆ । ਅੱਜ ਤੱਕ ਹਰ ਸਿੱਖ-ਵਿਅਕਤੀ ਸੇਵਾ ਦੇ ਮਹੱਤਵ ਨੂੰ ਜਾਣਦਾ-ਸਮਝਦਾ ਹੈ ਭਾਵੇਂ ਇਹ ਵੱਖਰੀ ਗੱਲ ਹੈ ਕਿ ਪਦਾਰਥਵਾਦ ਅਤੇ ਉਪਭੋਗਤਾਵਾਦ ਦੇ ਚੱਕਰਵਿਊ ਵਿੱਚ ਫਸ ਕੇ ਉਹ ਸੇਵਾ ਦੇ ਸੰਕਲਪ ਤੋਂ ਕੁਝ ਦੂਰ ਹੁੰਦਾ ਜਾ ਰਿਹਾ ਹੈ । ਪਰ ਅਜੇ ਵੀ ਧਾਰਮਿਕ-ਪਰਿਵਾਰਿਕ ਸਮਾਗਮਾਂ ਸਮੇਂ, ਉਹ ਸੇਵਾ ਨੂੰ ਇੱਕ ਪ੍ਰਤੀਕ ਵਜੋਂ ਹੀ ਸਹੀ ਨਿਭਾਉਣ ਦੀ ਸੱਚੀ ਜਾਂ ਮਿਥਿਆ ਕੋਸ਼ਿਸ਼ ਜ਼ਰੂਰ ਕਰਦਾ ਹੈ ।

ਪੂੰਜੀਵਾਦੀ ਅਥਵਾ ਉਦਯੋਗਵਾਦੀ ਸਮਾਜ ਦੇ ਵਿਕਾਸ ਦੇ ਸਮਾਨਾਂਤਰ ਮਨੁੱਖ ਵਿੱਚ ਵਿਅਕਤੀਵਾਦ (individualism) ਦੀ ਭਾਵਨਾ ਪ੍ਰਬਲ ਹੋਣ ਲੱਗੀ । ਵਿਅਕਤੀਵਾਦ ਵਿੱਚ ਹਰ ਵਿਅਕਤੀ ਆਪਣੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਨੂੰ ਆਪਣੇ ਵੱਲ ਹੀ ਲਕਸ਼ਿਤ ਰੱਖਦਾ ਹੈ । ਉਸਦੀ ਨਜ਼ਰ ਵਿੱਚ ਕਿਸੇ ਦੂਸਰੇ ਦਾ ਮੁੱਲ ਜਾਂ ਮਹੱਤਵ ਹੀ ਨਹੀਂ ਬਚਦਾ । ਉਹ ਹਰ ਕੰਮ ਕੇਵਲ ਨਿਜੀ ਸੁਖ-ਸੁਵਿਧਾਵਾਂ ਦੀ ਪ੍ਰਾਪਤੀ ਜਾਂ ਸਲਾਮਤੀ ਲਈ ਕਰਦਾ ਹੈ । ਇਹੀ ਕਾਰਨ ਹੈ ਕਿ ਪੂੰਜੀਵਾਦੀ ਦੇਸ਼ਾਂ ਵਿੱਚ ਸੇਵਾ ਦਾ ਸੰਕਲਪ ਦਿਨ-ਪ੍ਰਤਿ ਦਿਨ ਸੁੰਗੜਦਾ ਜਾ ਰਿਹਾ ਹੈ । ਹਾਲਾਂਕਿ ਈਸਾਈ ਮਤ ਵਿੱਚ ਸੇਵਾ ਨੂੰ ਬੜਾ ਗੌਰਵਸ਼ੀਲ ਰੁਤਬਾ ਪ੍ਰਾਪਤ ਰਿਹਾ ਹੈ । ਹਜ਼ਰਤ ਈਸਾ ਜੀ ਦੇ ਜੀਵਨ ਨਾਲ ਅਨੇਕ ਇਹੋ ਜਿਹੇ ਬ੍ਰਿਤਾਂਤ ਜੁੜੇ ਹੋਏ ਹਨ । ਜਿਨ੍ਹਾਂ ਵਿੱਚ ਆਪ ਦੀਨਾਂ ਅਤੇ ਦੁਖੀਆਂ ਦੀ ਸੇਵਾ ਵਿੱਚ ਤਤਪਰ ਵਿਖਾਏ ਗਏ ਸਨ । ਈਸਾਈ ਮਤ ਦੇ ਪ੍ਰਚਾਰ ਲਈ ਪਾਦਰੀਆਂ ਅਤੇ ਹੋਰ ਮਿਸ਼ਨਰੀਆਂ ਨੇ ਪੂਰੀ ਦੁਨੀਆਂ ਵਿੱਚ ਸੇਵਾ ਦੇ ਸੱਚੇ-ਮੁੱਚੇ ਜਜ਼ਬੇ ਨੂੰ ਪ੍ਰਦਰਸ਼ਿਤ

ਕੀਤਾ ਸੀ । ਅੱਜ ਵੀ ਈਸਾਈ ਮਿਸ਼ਨਰੀ ਹਰ ਦੇਸ਼ ਅਤੇ ਹਰ ਪ੍ਰਦੇਸ਼ ਦੇ ਛੋਟੇ-ਛੋਟੇ ਪਿੰਡਾਂ ਵਿੱਚ ਗੁਜ਼ਰ-ਬਸਰ ਕਰਦੇ ਗਰੀਬਾਂ ਅਤੇ ਦਲਿਤਾਂ ਦੇ ਜੀਵਨ ਨੂੰ ਆਪਣੀ ਸੇਵਾ ਭਾਵਨਾ ਦੇ ਸਦਕਾ ਚੰਗਾ ਬਣਾਉਣ ਦੇ ਸੁਹਿਰਦ ਪ੍ਰਯਤਨ ਕਰ ਰਹੇ ਹਨ । ਇਸ ਪ੍ਰਸੰਗ ਵਿੱਚ ਸਾਨੂੰ ਸਮੂਹ ਭਾਰਤ ਵਾਸੀਆਂ ਅਤੇ ਵਿਸ਼ੇਸ਼ ਕਰ ਸਿੱਖਾਂ ਨੂੰ ਆਤਮ-ਵਿਸ਼ਲੇਸ਼ਣ ਕਰਨ ਦੀ ਲੋੜ ਹੈ ।

ਸੇਵਾ ਇੱਕ ਪਰਉਪਕਾਰੀ ਅਤੇ ਬਹੁਪੱਖੀ ਜਜ਼ਬਾ ਹੈ । ਜਿਹੜਾ ਵਿਅਕਤੀ ਸੇਵਾ ਕਰਦਾ ਹੈ, ਉਸਦੇ ਮਨ ਵਿੱਚੋਂ ਹਉਮੈ ਦਾ ਵਿਨਾਸ਼ ਹੋ ਜਾਂਦਾ ਹੈ । ਇਹ ਹਉਮੈ ਹੀ ਇੱਕ ਅਜਿਹਾ ਪਰਦਾ ਹੈ ਜਿਹੜਾ ਸਾਡੀ ਆਤਮਾ ਵਿੱਚ ਨਿਵਾਸ ਕਰ ਰਹੇ ਪਰਮਾਤਮਾ ਨਾਲ ਸਾਡਾ ਸਾਖਿਆਤਕਾਰ ਨਹੀ ਹੋਣ ਦਿੰਦਾ । ਹਾਉਮੈ ਦਾ ਇਹ ਪਰਦਾ ਹਟੇ ਤਾਂ ਹੀ ਅਸੀਂ ਪਰਮਾਤਮਾ ਦੇ ਦਰਸ਼ਨ ਕਰੀਏ ! ਇਸ ਪਰਦੇ ਦੇ ਵਿਨਾਸ਼ ਵਾਸਤੇ ਸੇਵਾ ਇੱਕ ਕਾਰਗਰ ਸਾਧਨ ਹੈ । ਸੇਵਾ ਦਾ ਇੱਕ ਹੋਰ ਗੁਣ ਵਿਅਕਤੀ ਨੂੰ ਸਮਾਜ ਨਾਲ ਜੋੜਨ ਵਿੱਚ ਛਿਪਿਆ ਹੋਇਆ ਹੈ । ਸੇਵਾ ਕਰਨ ਵਾਲੇ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਸਾਰੀ ਲੋਕਾਈ ਉਸੇ ਪਰਮਾਤਮਾ ਦੀ ਸਾਜੀ ਹੋਈ ਹੈ ਅਤੇ ਇਸ ਸੂਰਤ ਵਿੱਚ ਸਾਰੇ ਭਾਈ-ਭਾਈ ਹਨ । ਭਾਰਤੀਪਣ ਦੀ ਇਹ ਭਾਵਨਾ ਕਿਸੇ ਸਮਾਜ, ਸੰਪਰਦਾਇ ਅਤੇ ਦੇਸ਼ ਨੂੰ ਮਜ਼ਬੂਤ ਕਰਨ ਵਿੱਚ ਕਿੰਨਾ ਵੱਡਾ ਯੋਗਦਾਨ ਪਾ ਸਕਦੀ ਹੈ, ਇਸ ਸੱਚ ਤੋਂ ਅਸੀਂ ਸਾਰੇ ਸੁਪਰਿਚਿਤ ਹਾਂ । ਸਿੱਖ ਸਮਾਜ ਵਿੱਚ ਵੀ ਸੇਵਾ ਦੇ ਇਸੇ ਸੰਕਲਪ ਦੁਆਰਾ ਭਾਰਤੀ ਸਮਾਜ ਨੂੰ ਇੱਕ ਮੁੱਠ ਕਰਕੇ ਮੁਗਲ ਸਮਰਾਜ ਨਾਲ ਟੱਕਰ ਲਈ ਗਈ ਸੀ । ਖਾਲਸਾ ਪੰਥ, ਮਨੁੱਖ ਮਾਤਰ ਦੀ ਸੇਵਾ ਕਰਨ ਵਾਲੇ ਸੱਚੇ ਸੇਵਕਾਂ ਦੀ ਹੀ ਇੱਕ ਜਥੇਬੰਦੀ ਹੈ । ਸੇਵਾ ਦੀ ਰੂਪਾਂਤਰਣਕਾਰੀ ਸਮਰੱਥਾ ਨੂੰ ਵੇਖਦਿਆਂ ਹੋਇਆ ਹੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਤਿਗੁਰੂਆਂ ਨੇ ਸੇਵਾ ਦੀ ਮਹਿਮਾ ਦਾ ਗਾਇਣ ਕੀਤਾ ਹੈ । ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :-

ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥

ਸੇਵਾ ਦੇ ਕਈ ਰੂਪ-ਉਪਰੂਪ ਹਨ ਜਿਵੇਂ ਪਿਆਰ, ਦਾਨ, ਪ੍ਰਾਹੁਣਾਚਾਰੀ, ਸਹਾਇਤਾ, ਪਰਉਪਕਾਰ ਅਤੇ ਸਮਾਨਤਾ । ਸੇਵਾ ਉਥੇ ਹੀ ਹੋ ਸਕਦੀ ਹੈ ਜਿਥੇ ਸਮਾਜਿਕ ਸਮਾਨਤਾ ਹੋਵੇ ਅਤੇ ਪਿਆਰ ਦਾ ਜਜ਼ਬਾ ਕੰਮ ਕਰ ਰਿਹਾ ਹੋਵੇ । ਦਾਨ ਵੀ ਸੇਵਾ ਭਾਵਨਾ ਦਾ ਹੀ ਸਿੱਟਾ ਹੁੰਦਾ ਹੈ । ਪ੍ਰੋ: ਪ੍ਰੀਤਮ ਸਿੰਘ, ਸਿੱਖ ਵਿਚਾਰਧਾਰਾ, ਸ਼੍ਰੋ. ਗੁ. ਪ੍ਰ. ਕਮੇਟੀ, ਅੰਮ੍ਰਿਤਸਰ, (ਪੰਨਾ 135) ਸਿੱਖ ਧਰਮ ਵਿੱਚ ਸੇਵਾ ਦੇ ਦੋ ਅਰਥ ਲਏ ਜਾਂਦੇ ਹਨ । ਇੱਕ ਗੁਰੂ ਦੀ ਸੇਵਾ ਅਤੇ ਦੂਜਾ ਸੰਗਤ ਦੀ ਸੇਵਾ । ਗੁਰਮਤਿ ਅਨੁਸਾਰ ਗੁਰੂ ਅਤੇ ਸੰਗਤ ਵਿੱਚ ਕੋਈ ਭੇਦ ਨਹੀਂ ਹੈ । ਸੰਗਤ ਦੀ ਸੇਵਾ ਤੋਂ ਬਿਨਾਂ ਗੁਰੂ ਦੀ ਸੇਵਾ ਵੀ ਨਹੀਂ ਹੋ ਸਕਦੀ । ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਇੱਕ ਸਿੱਖ ਭਾਈ ਮਾਹਣਾ ਹੁੰਦਾ ਸੀ । ਉਹ ਗੁਰੂ ਜੀ ਦੀ ਬਹੁਤ ਸੇਵਾ ਕਰਦਾ ਸੀ । ਹੋਲੀ-ਹੋਲੀ ਉਸ ਨੂੰ ਇਸ ਗੱਲ ਦਾ ਹੰਕਾਰ ਹੋ ਗਿਆ । ਉਹ ਕਹਿਣ ਲੱਗਾ ਕਿ ਮੈਂ ਆਮ ਸਿੱਖ ਦੀ ਸੇਵਾ ਨਹੀਂ ਕਰਨੀ । ਮੈਂ ਤਾਂ ਕੇਵਲ ਗੁਰੂ ਜੀ ਦੀ ਸੇਵਾ ਕਰਾਂਗਾ । ਜਦੋਂ ਗੁਰੂ ਜੀ ਨੂੰ ਉਸਦੀ ਇਸ ਭਾਵਨਾ ਦਾ ਪਤਾ ਚੱਲਿਆ ਤਾਂ ਉਨ੍ਹਾਂ ਨੇ

ਉਸ ਨੂੰ ਸਮਝਾਇਆ ਕਿ ਸੇਵਾ ਤਾਂ ਹੀ ਸਫਲ ਹੈ ਜੇ ਤੁਸੀਂ ਹਰ ਪ੍ਰਾਣੀ ਮਾਤਰ ਨੂੰ ਗੁਰੂ ਤੁੱਲ ਜਾਣ ਕੇ ਉਸਦੀ ਸੇਵਾ ਵਿੱਚ ਸਮਰਪਿਤ ਰਹਿੰਦੇ ਹੋ। ਭਾਈ ਘਨੱਈਆ ਜੀ ਸੇਵਾ ਦੇ ਇਸ ਰਹੱਸ ਨੂੰ ਸਮਝ ਗਏ ਸਨ। ਇਸ ਲਈ ਉਨ੍ਹਾਂ ਨੇ ਸੇਵਾ ਦੇ ਖੇਤਰ ਵਿੱਚ ਸਰਵੋਤਮ ਪ੍ਰਤੀਮਾਨ ਸਿਰਜੇ। ਅੱਜ ਵੀ ਭਾਈ ਘਨੱਈਆ ਜੀ ਦੀ ਮਨੋਹਰ ਛੱਬੀ, ਸਾਨੂੰ ਸਮੂਹ ਪੰਜਾਬੀਆਂ ਨੂੰ ਸੇਵਾ ਦੇ ਉੱਚ ਆਦਰਸ਼ਾਂ ਤੱਕ ਪਹੁੰਚਾਉਣ ਲਈ ਪ੍ਰੇਰਨਾ-ਸਰੋਤ ਬਣੀ ਹੋਈ ਹੈ।

ਆਨੰਦਪੁਰ ਦੇ ਯੁੱਧਾਂ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਇੱਧਰ ਮਾਲਵੇ ਵੱਲ ਆ ਗਏ ਅਤੇ ਆਪਨੇ ਖਿਦਰਾਣੇ ਦੀ ਢਾਬ (ਹੁਣ ਮੁਕਤਸਰ) ਦੇ ਸਥਾਨ ਤੇ ਮੁਗਲ ਫੌਜਾਂ ਨੂੰ ਜ਼ਬਰਦਸਤ ਸ਼ਿਕਸਤ ਦਿੱਤੀ। ਇਸੇ ਦੌਰਾਨ ਔਰੰਗਜ਼ੇਬ ਦੀ ਮ੍ਰਿਤੂ ਹੋ ਗਈ। ਉਸਦੀ ਮ੍ਰਿਤੂ ਉਪਰੰਤ ਬਹਾਦਰ ਸ਼ਾਹ ਤਖ਼ਤ ਉੱਪਰ ਬੈਠਾ। ਉਹ ਗੁਰੂ ਜੀ ਦੀ ਅਜ਼ਮਤ ਨੂੰ ਸਮਝਦਾ ਸੀ। ਇਸ ਲਈ ਉਸਨੇ ਗੁਰੂ ਜੀ ਨਾਲ ਕਦੇ ਕੋਈ ਵੈਰ-ਭਾਵਨਾ ਨਾ ਰੱਖੀ। ਇਸ ਸਮੇਂ ਭਾਈ ਘਨੱਈਆ ਜੀ ਵਾਪਸ ਆਪਣੇ ਆਸ਼ਰਮ ਕਹਵਾ ਵਿਖੇ ਚਲੇ ਗਏ। ਇਥੇ ਆ ਕੇ ਆਪ ਨੇ ਪ੍ਰਾਣੀ ਮਾਤਰ ਦੀ ਸੇਵਾ ਨੂੰ ਜਾਰੀ ਰੱਖਿਆ। ਆਪਦੇ ਪ੍ਰਚਾਰ ਸਦਕਾ ਬਹੁਤ ਸਾਰੇ ਮੁਸਲਮਾਨ ਵੀ ਸਿੰਘ ਸਜ ਗਏ। ਭਾਈ ਸੇਵਾ ਰਾਮ ਜੀ ਆਪ ਦੀ ਮਹਾਨ ਸ਼ਖਸੀਅਤ ਤੋਂ ਅਤਿਅੰਤ ਪ੍ਰਭਾਵਿਤ ਹੋਏ ਅਤੇ ਆਪਦੇ ਅਦੁੱਤੀ ਸ਼ਰਧਾਲੂ ਬਣ ਗਏ। ਭਾਈ ਸਾਹਿਬ ਦੇ ਅਕਾਲ ਚਲਾਣੇ ਉਪਰੰਤ ਭਾਈ ਸੇਵਾ ਰਾਮ ਜੀ ਦੀ ਸੇਵਾ-ਸਾਧਨਾ ਕਾਰਨ ਇਸ ਕੇਂਦਰ ਦਾ ਨਾਮ 'ਸੇਵਾ ਪੰਥੀ' ਵਜੋਂ ਪ੍ਰਸਿੱਧ ਹੋ ਗਿਆ। ਅੱਜ ਵੀ ਸੇਵਾਪੰਥੀ ਟਿਕਾਣੇ ਮਨੁੱਖ ਮਾਤਰ ਦੀ ਸਰਬਪੱਖੀ ਸੇਵਾ ਅਤੇ ਕਲਿਆਣ ਵਾਸਤੇ ਸਮਰਪਿਤ ਹਨ। ਸਾਡੇ ਲਈ ਇਹ ਵੱਡਭਾਗੀ ਗੱਲ ਹੈ ਕਿ 'ਟਿਕਾਣਾ ਭਾਈ ਜਗਤਾ ਜੀ ਗੋਨਿਆਣਾ' ਸਾਡੇ ਆਪਣੇ ਖੇਤਰ ਵਿੱਚ ਹੀ ਹੈ ਅਤੇ ਅਸੀਂ ਸਮੇਂ-ਸਮੇਂ ਉਥੇ ਹਾਜ਼ਰ ਹੋ ਕੇ ਆਪਣੇ ਆਪ ਨੂੰ ਸੇਵਾ ਅਤੇ ਸਿਮਰਨ ਲਈ ਵਚਨਬੱਧ ਕਰ ਸਕਦੇ ਹਾਂ।

ਸੇਵਾਪੰਥੀ ਸੰਪਰਦਾਇ ਨੇ ਆਜ਼ਾਦੀ ਤੋਂ ਪਹਿਲਾਂ ਪੱਛਮੀ ਪੰਜਾਬ ਵਿੱਚ ਅਤੇ ਆਜ਼ਾਦੀ ਉਪਰੰਤ ਪੂਰਬੀ ਪੰਜਾਬ ਵਿੱਚ ਆਪਣੇ ਟਿਕਾਣੇ ਕਾਇਮ ਕਰਕੇ ਸਮੁੱਚੇ ਪੰਜਾਬੀਆਂ ਦੇ ਸਰਬਪੱਖੀ ਵਿਕਾਸ ਵਿੱਚ ਯੋਗਦਾਨ ਪਾਇਆ ਹੈ। ਪਿਛਲੇ ਸੌ ਕੁ ਵਰ੍ਹਿਆ ਤੋਂ ਪੰਜਾਬ ਵਿੱਚ ਸਿੱਖ ਵਿਦਿਅਕ ਕਾਨਫਰੰਸਾਂ ਆਯੋਜਿਤ ਕਰਵਾਉਣ ਦੀ ਪ੍ਰਥਾ ਜਾਰੀ ਹੈ। ਇਨ੍ਹਾਂ ਕਾਨਫਰੰਸਾਂ ਵਿੱਚ ਸਿੱਖ ਪੰਥ ਦੀ ਚੜ੍ਹਦੀਕਲਾ ਵਾਸਤੇ ਠੋਸ ਪ੍ਰਾਜੈਕਟ ਉਲੀਕੇ ਜਾਂਦੇ ਹਨ ਅਤੇ ਫਿਰ ਸਾਲ ਭਰ ਵਿੱਚ ਉਨ੍ਹਾਂ ਨੂੰ ਨੇਪਰੇ ਚੜ੍ਹਾਇਆ ਜਾਂਦਾ ਹੈ। ਇਨ੍ਹਾਂ ਕਾਨਫਰੰਸਾਂ ਦੀ ਸਫਲਤਾ ਵਾਸਤੇ ਸੇਵਾ ਪੰਥੀ ਸੰਪਰਦਾਇ ਸਭ ਤੋਂ ਨਿੱਗਰ ਯੋਗਦਾਨ ਪਾ ਰਹੀ ਹੈ ਬਲਕਿ ਪਿਛਲੇ ਕੁੱਝ ਵਰ੍ਹਿਆਂ ਵਿੱਚ ਤਾਂ ਕੇਵਲ ਇਸੇ ਸੰਪਰਦਾਇ ਦੀ ਸਰਪ੍ਰਸਤੀ ਅਧੀਨ ਹੀ ਇਹ ਵਿਦਿਅਕ ਕਾਨਫਰੰਸਾਂ ਆਯੋਜਿਤ ਕਰਵਾਈਆਂ ਜਾ ਸਕੀਆਂ ਹਨ। ਮੇਰੀ ਇੱਛਾ ਹੈ ਕਿ ਇਸ ਵਰ੍ਹੇ ਜਾਂ ਆਉਂਦੇ ਵਰ੍ਹੇ ਅਸੀਂ ਫ਼ਰੀਦਕੋਟ ਸ਼ਹਿਰ ਵਿੱਚ ਅਜਿਹੀ ਕਾਨਫਰੰਸ ਆਯੋਜਿਤ ਕਰਵਾਈਏ ਤਾਂ ਜੋ ਸਿੱਖਿਆ ਦੇ ਖੇਤਰ ਵਿੱਚ ਪ੍ਰਸਿੱਧ ਹੁੰਦਾ ਜਾ ਰਿਹਾ ਹੈ।

ਇਹ ਸ਼ਹਿਰ ਹੋਰ ਵੀ ਬੁਲੰਦੀਆਂ ਨੂੰ ਛੋਹ ਸਕੇ । ਅੰਤ ਵਿੱਚ ਮੈਂ ਭਾਈ ਘਨੱਈਆ ਜੀ ਦੀਆਂ ਕੁੱਝ ਪ੍ਰਮੁੱਖ ਸਿਖਿਆਵਾਂ ਆਪਣੇ ਸਹਿਕਰਮੀਆਂ ਦੀ ਸੇਵਾ ਵਿੱਚ ਭੇਟ ਕਰਨ ਦੀ ਖ਼ੁਸ਼ੀ ਲੈਣੀ ਚਾਹਾਂਗਾ :

1. ਸਦਾ ਪਰਮਾਤਮਾ ਦੀ ਰਜ਼ਾ ਵਿੱਚ ਰਾਜ਼ੀ ਰਹੋ । ਦੁੱਖ ਵਿੱਚ ਸ਼ੋਕ ਨਾ ਕਰਨਾ ਅਤੇ ਸੁੱਖ ਵਿੱਚ ਹਰਸ਼-ਉੱਲਾਸ ਨਾ ਕਰਨਾ ਹੀ ਰਜ਼ਾ ਵਿੱਚ ਰਾਜ਼ੀ ਰਹਿਣਾ ਹੈ । ਗੁਰੂ ਤੇਗ ਬਹਾਦਰ ਜੀ ਅਨੁਸਾਰ :

   ਜੋ ਨਰੁ ਦੁਖ ਮਹਿ ਦੁਖੁ ਨਹੀ ਮਾਨੈ ॥
   ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥

2. ਮਨ ਸਿਮਰਨ ਵਿੱਚ ਅਤੇ ਹੱਥ-ਪੈਰ ਸੇਵਾ ਵਿੱਚ ਜੋੜੀ ਰੱਖੋ । ਜਿਵੇਂ ਕਿ ਭਾਈ ਗੁਰਦਾਸ ਜੀ ਦਾ ਕਥਨ ਹੈ :
   ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥
3. ਐਸ਼-ਆਰਾਮ ਦਾ ਜੀਵਨ ਨਾ ਜੀਵੋ । ਮਹਿਲ-ਮਾੜੀਆਂ ਕੇਵਲ ਉਹੀ ਲੋਕ ਉਸਾਰਦੇ ਹਨ, ਜਿਨ੍ਹਾਂ ਨੂੰ ਮੌਤ ਯਾਦ ਨਹੀਂ ਹੈ ।
4. ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਮੱਥਾ ਟੇਕ ਦੇਣਾ ਹੀ ਕਾਫ਼ੀ ਨਹੀ । ਇਸ ਵਿੱਚ ਅੰਕਿਤ ਬਾਣੀ ਉੱਤੇ ਅਮਲ ਕਰਨਾ ਵੀ ਬੇਹੱਦ ਜ਼ਰੂਰੀ ਹੈ ।
5. ਕੇਵਲ ਉਤਨਾ ਧਨ ਕਮਾਉ ਜਿਸ ਨਾਲ ਜੀਵਨ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਹੋ ਜਾਣ । ਅਧਿਕ ਇਕੱਤਰ ਕੀਤਾ ਗਿਆ ਧਨ, ਮਨ ਅਤੇ ਆਤਮਾ ਨੂੰ ਪ੍ਰਦੂਸ਼ਿਤ ਕਰ ਦਿੰਦਾ ਹੈ ।
6. ਅਰਦਾਸ ਦਾ ਮਤਲਬ ਰੱਬ ਨਾਲ ਸੌਦੇਬਾਜ਼ੀ ਕਰਨਾ ਨਹੀਂ ਹੈ । ਜੇ ਅਰਦਾਸ ਕਰਤਾ ਦੀ ਮਨੋਭਾਵਨਾ ਵਾਸ਼ਨਾ-ਕੇਂਦ੍ਰਿਤ ਹੈ ਤਾਂ ਉਹ ਕਿਵੇਂ ਪੂਰੀ ਹੋ ਸਕਦੀ ਹੈ ? ਮਨ ਅਤੇ ਆਤਮਾ ਨੂੰ ਸ਼ੁੱਧ ਰੱਖਣ ਨਾਲ ਸੱਚੀ ਕਾਮਨਾ ਆਪਣੇ ਆਪ ਪੂਰੀ ਹੋ ਜਾਂਦੀ ਹੈ । ਪਰਮਾਤਮਾ ਅੱਗੇ ਕਿਸੇ ਦੀ ਸਿਫ਼ਾਰਿਸ਼ ਵੀ ਨਹੀਂ ਕੀਤੀ ਜਾ ਸਕਦੀ । ਉਹੀ ਜਾਣੀਜਾਣ ਅਤੇ ਅੰਤਰਜਾਮੀ ਹੈ ।
7. ਗੁਰਮਤਿ ਵਿੱਚ ਰੀਤੀ-ਰਿਵਾਜ਼ਾਂ, ਆਡੰਬਰਾਂ, ਵਿਖਾਵਿਆਂ ਅਤੇ ਵਹਿਮਾਂ-ਭਰਮਾਂ ਲਈ ਕੋਈ ਸਥਾਨ ਨਹੀਂ ਹੈ ।

ਭਾਈ ਘਨੱਈਆ ਜੀ ਤਨ, ਮਨ ਅਤੇ ਧਨ ਨਾਲ ਸੇਵਾ ਕਰਨ ਦਾ ਉਪਦੇਸ਼ ਦਿਆ ਕਰਦੇ ਸਨ । ਉਨ੍ਹਾਂ ਲਈ ਸੇਵਾ ਹੀ ਸਿਮਰਨ ਸੀ, ਭਗਤੀ ਸੀ ਅਤੇ ਜੀਵਨ ਦਾ ਪਰਮ ਉਦੇਸ਼ ਸੀ । ਅੱਜ ਦੇ ਆਤਮ-ਕੇਂਦ੍ਰਿਤ, ਪਦਾਰਥਵਾਦੀ ਅਤੇ ਉਪਭੋਗਵਾਦੀ ਸਮਾਜ ਲਈ ਭਾਈ ਘਨੱਈਆ ਜੀ ਦਾ ਜੀਵਨ ਅਤੇ ਸੰਦੇਸ਼ ਬਹੁਤ ਪ੍ਰਾਸੰਗਿਕ ਹੈ । ਆਓ ਭਾਈ ਸਾਹਿਬ ਦੁਆਰਾ ਦਿੱਤੀ ਗਈ ਸੇਵਾ ਦੀ ਸੱਚੀ-ਸੁੱਚੀ ਵਿਰਾਸਤ ਨੂੰ ਸਮਝੀਏ ਅਤੇ ਇਸ ਨਾਲ ਜੁੜਕੇ ਭਾਰਤ ਨੂੰ ਇੱਕ ਵੈਲਫੇਅਰ ਸਟੇਟ ਵੱਜੋਂ ਉਭਾਰਨ ਦਾ ਪ੍ਰਯਤਨ ਕਰੀਏ ।

## ਲਾਸਾਨੀ ਸ਼ਖਸੀਅਤ ਦੇ ਮਾਲਕ

# ਭਾਈ ਘਨੱਈਆ ਜੀ

-ਅਮਰਜੀਤ ਕੌਰ

ਸਿੱਖੀ ਕਿਸੇ ਭੇਖ ਜਾਂ ਅਸੂਲਾਂ ਦੇ ਪਲੰਦੇ ਦਾ ਨਾਂ ਨਹੀ ਹੈ ਸਗੋਂ ਇਹ ਤਾਂ ਇਕ ਜੀਵਨ-ਜਾਚ ਹੈ । ਇਸ ਜੀਵਨ-ਜਾਚ ਨੂੰ ਹਰ ਵਿਅਕਤੀ ਆਪਣੇ ਨਿੱਜੀ ਅਮਲੀ ਜੀਵਨ ਵਿੱਚ ਅਪਣਾ ਕੇ ਸਿੱਖ ਅਖਵਾ ਸਕਦਾ ਹੈ । ਗੁਰਬਾਣੀ ਅਨੁਸਾਰ ਸੱਚਾ ਸਿੱਖ ਬਣਨ ਵਾਸਤੇ ਗੁਰੂ ਦੇ ਦੱਸੇ ਮਾਰਗ ਉੱਤੇ ਤੁਰਨਾ ਅਤੇ ਗੁਰੂ ਦੇ ਭਾਣੇ ਨੂੰ ਮੰਨਣਾ ਪਹਿਲੀ ਸ਼ਰਤ ਹੈ :-

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥

(ਸੋਰਠਿ ਮਹਲਾ ੩, ਅੰਗ ੬੦੧)

ਸਿੱਖ ਧਰਮ ਦੇ ਆਰੰਭ ਤੋਂ ਹੀ ਗੁਰੂ ਸਾਹਿਬਾਨ ਨੇ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਆਪਸੀ ਪ੍ਰੇਮ ਪਿਆਰ ਤੇ ਸਾਰੇ ਪ੍ਰਣੀਆਂ ਨੂੰ ਇੱਕ ਪਰਮਾਤਮਾ ਦੇ ਪੁੱਤਰ ਮੰਨਣ ਦਾ ਉਪਦੇਸ਼ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਤਾਂ ਧਰਮ ਨਾਂ ਦੀ ਚੀਜ਼ ਸਮਾਜ ਵਿਚੋਂ ਖੰਭ ਲਾ ਕੇ ਉਡ ਚੁੱਕੀ ਸੀ । ਸਾਰੇ ਕੂੜ ਤੇ ਝੂਠ ਦਾ ਪਸਾਰਾ ਸੀ । ਉਸ ਸਮੇਂ ਦੀ ਅਤਿ ਗਿਰਾਵਟ ਵਾਲੀ ਅਤੇ ਦਰਦਨਾਕ ਧਾਰਮਿਕ ਹਾਲਤ ਦਾ ਵਰਨਣ ਭਾਈ ਗੁਰਦਾਸ ਜੀ ਇੰਝ ਕਰਦੇ ਹਨ :-

ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿੱਚ ਕੋਆ ।

ਧਰਮ ਧਉਲੁ ਪੁਕਾਰੈ ਤਲੈ ਖੜੋਆ ॥ (ਵਾਰ ੧, ਪਾਉੜੀ ੨੨)

ਉਸ ਸਮੇਂ ਭਾਰਤੀ ਸਮਾਜ ਵਿੱਚ ਬਹੁਤ ਸਾਰੇ ਧਰਮ ਪ੍ਰਚਲਿਤ ਸਨ ਅਤੇ ਹਰ ਧਰਮ ਵਿੱਚ ਅੱਗੇ ਕਈ ਫ਼ਿਰਕੇ ਬਣੇ ਹੋਏ ਸਨ । ਉਹਨਾਂ ਸਾਰਿਆਂ ਵਿੱਚ ਕੋਈ ਵੀ ਗੱਲ ਸਾਂਝੀ ਨਹੀਂ ਸੀ ਸਗੋਂ ਉਹ ਆਪਸ ਵਿੱਚ ਹੀ ਲੜਦੇ-ਝਗੜਦੇ ਰਹਿੰਦੇ ਸਨ । ਧਰਮ ਦੇ ਤੱਤ ਵਾਲੀ ਗੱਲ ਕੋਈ ਨਹੀਂ ਕਰਦਾ ਸੀ ਸਗੋਂ ਆਪਸ ਵਿੱਚ ਲੜਨਾ ਤੇ ਸਮਾਜ ਵਿੱਚ ਵੰਡੀਆਂ ਪਾਉਣਾ ਹੀ ਆਪਣਾ ਮੁੱਖ ਕਰੱਤਵ ਸਮਝਿਆ ਜਾਂਦਾ ਸੀ :-

ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮ੍ਹਣਿ ਮਉਲਾਣੇ ॥

(ਭਾਈ ਗੁਰਦਾਸ ਜੀ ਵਾਰ ੧, ਪਉੜੀ ੨੧)

ਪਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ **ਚੜ੍ਹਿਆ ਸੋਧਣਿ ਧਰਤਿ ਲੁਕਾਈ ॥** ਦਾ ਮਿਸ਼ਨ ਆਰੰਭਣ ਤੋਂ ਪਹਿਲਾ ਵੇਈਂ ਨਦੀ ਉੱਤੇ ਹੋਕਾ ਦਿੱਤਾ -ਨਾ ਕੋ ਹਿੰਦੂ ਨਾ ਮੁਸਲਮਾਨ ਸ੍ਰੀ ਗੁਰੂ ਨਾਨਕ ਦੇ ਵ ਜੀ ਤੋਂ ਬਾਅਦ ਉਹਨਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਨ ਨੇ ਵੀ ਸਾਰੀ ਮਨੁੱਖਤਾ ਨਾਲ ਪਿਆਰ ਕਰਨ ਦਾ ਹੀ ਉਪਦੇਸ਼ ਕੀਤਾ । ਇਸ ਪ੍ਰਸੰਗ ਵਿੱਚ ਗੁਰਬਾਣੀ ਵਿੱਚ ਕਈ ਪ੍ਰਮਾਣ ਆਉਂਦੇ ਹਨ :-

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥

(ਕਾਨੜਾ ਮਹਲਾ ੫, ਅੰਗ ੧੨੯੯)

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

(ਧਨਾਸਰੀ ਮ:੫. ਅੰਗ ੬੭੧)

ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥ (ਦਸਮ ਗ੍ਰੰਥ, ਅੰਗ ੧੯)

ਗੁਰੂ ਸਾਹਿਬਾਨ ਦੇ ਇਨ੍ਹਾਂ ਉਪਦੇਸ਼ਾਂ ਉੱਤੇ ਚੱਲਦੇ ਹੋਏ ਅਨੇਕ ਗੁਰਸਿੱਖਾਂ ਨੇ ਆਪਣੇ ਜੀਵਨ ਸਫਲੇ ਕੀਤੇ ਹਨ ਅਤੇ ਸਮੁੱਚੀ ਮਾਨਵਤਾ ਲਈ ਮਿਸਾਲਾਂ ਕਾਇਮ ਕੀਤੀਆਂ ਹਨ। ਉਹਨਾਂ ਗੁਰਮੁੱਖਾਂ ਦੇ ਜੀਵਨ ਤੋਂ ਸੇਧ ਲੈ ਕੇ ਮਨੁੱਖ ਜਾਤੀ ਸਮਾਜ ਵਿੱਚੋਂ ਈਰਖਾ, ਦਵੈਤ, ਖ਼ੁਦਗਰਜੀ, ਖ਼ੁਦਪ੍ਰਸਤੀ ਤੇ ਮਜ਼ਬੀ ਕੱਟੜਤਾ ਆਦਿ ਨੂੰ ਦੂਰ ਕਰਦੇ ਹੋਏ ਸਮਾਜ ਨੂੰ ਆਪਸੀ ਪ੍ਰੇਮ-ਪਿਆਰ ਵਾਲਾ, ਸੇਵਾ-ਭਾਵਨਾ ਵਾਲਾ ਤੇ ਚੰਗੇ ਗੁਣਾਂ ਵਾਲਾ ਬਣਾ ਸਕਦੀ ਹੈ। ਇਨ੍ਹਾਂ ਗੁਰ ਸਿੱਖਾਂ ਵਿੱਚੋਂ ਭਾਈ ਘਨੱਈਆ ਜੀ ਦਾ ਨਾਮ ਸ਼੍ਰੋਮਣੀ ਤੇ ਅਦੁੱਤੀ ਸਥਾਨ ਰੱਖਦਾ ਹੈ। ਭਾਈ ਘਨੱਈਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦਾ ਭੌਰਾ ਲਟਬੌਰਾ ਅਤੇ ਅਨਿੰਨ ਸੇਵਕ ਸੀ। ਉਹ ਰਹਿਤ-ਵਾਨ ਅਤੇ ਨਾਮ ਦਾ ਰਸੀਆ ਸੀ। ਨਾਮ ਦੀ ਕਲਾ ਵਰਤਣ ਕਰਕੇ ਅਕਾਲ ਪੁਰਖ ਦੀ ਜਾਗਤ-ਜੋਤਿ ਉਸ ਦੇ ਅੰਦਰ ਲਟ-ਲਟ ਬਲਦੀ ਸੀ। ਅਕਾਲੀ ਜੋਤ ਦੇ ਅੰਦਰ-ਬਾਹਰ ਹਰ ਥਾਂ, ਹਰ ਹਿਰਦੇ ਵਿੱਚ ਦਰਸ਼ਨ ਕਰਦਾ ਸੀ। ਇਸੇ ਕਾਰਨ ਉਹ ਬ੍ਰਹਮ -ਗਿਆਨੀ ਦੀ ਇਸ ਅਵਸਥਾ ਵਿੱਚ ਵਿਚਰ ਰਿਹਾ ਸੀ ਕਿ :-

ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥

(ਧਨਾਸਰੀ ਮ: ੫, ਅੰਗ ੬੭੧)

'ਸੁਖਮਨੀ ਸਾਹਿਬ' ਵਿੱਚ ਸਾਧ, ਸੰਤ ਤੇ ਬ੍ਰਹਮ ਗਿਆਨੀ ਦੀ ਜੋ ਤਸਵੀਰ ਉਘੜਦੀ ਹੈ ਉਸ ਦੀ ਉੱਤਮ ਉਦਾਹਰਣ ਭਾਈ ਘਨੱਈਆ ਜੀ ਦੀ ਸ਼ਖਸੀਅਤ ਵਿੱਚੋਂ ਮਿਲ ਜਾਂਦੀ ਹੈ। ਭਾਈ ਘਨੱਈਆ ਜੀ ਦਾ ਜਨਮ 1648 ਈ: ਵਿੱਚ ਸੋਦਰਾ ਜ਼ਿਲਾ ਗੁਜਰਾਤ (ਹੁਣ ਪਾਕਿਸਤਾਨ) ਵਿਖੇ ਹੋਇਆ। ਬਹੁਪੱਖੀ ਪ੍ਰਤਿਭਾ ਦੇ ਮਾਲਕ ਭਾਈ ਘਨੱਈਆ ਜੀ ਇੱਕ ਵਿਲੱਖਣ ਮਹਾਂਪੁਰਖ ਸਨ। ਭਾਈ ਸਾਹਿਬ ਦੇ ਸਮੁੱਚੇ ਜੀਵਨ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਉਹ ਇੱਕ ਜਤੀ, ਸਤੀ, ਸੰਤੋਖੀ, ਸੂਰਬੀਰ, ਬ੍ਰਹਮ-ਗਿਆਨੀ, ਸਮਾਜ-ਸੇਵੀ ਆਦਿ ਅਨੇਕ ਰੂਪਾਂ ਵਿੱਚ ਸਾਡੇ ਸਾਹਮਣੇ ਆਉਂਦੇ ਹਨ।

ਭਾਈ ਘਨੱਈਆ ਜੀ ਨੇ ਤਪ, ਤਿਆਗ ਤੇ ਸੱਚ ਦੀ ਮੂਰਤ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਕਰਕੇ ਗੁਰਸਿੱਖੀ ਧਾਰਨ ਕੀਤੀ ਸੀ। ਉਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਚਰਨਾਂ ਵਿੱਚ ਰਹਿ ਕੇ ਲੰਗਰ ਲਈ ਜਲ ਆਦਿ ਦੀ ਸੇਵਾ ਕਰਿਆ ਕਰਦੇ ਸਨ। ਭਾਈ ਘਨੱਈਆ ਜੀ ਦੀ ਘਾਲ-ਕਮਾਈ ਅਤੇ ਨਾਮ ਸਿਮਰਨ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਆਦੇਸ਼ ਦਿੱਤਾ ਸੀ ਕਿ ਉਹ ਗੁਰੂ ਘਰ ਵਿੱਚੋਂ ਪ੍ਰਾਪਤ ਹੋਈ ਨਾਮ ਵਸਤੂ ਨੂੰ ਆਮ ਲੁਕਾਈ ਵਿੱਚ ਵੰਡਣ। ਇਸ ਹੁਕਮ ਦੇ ਅਧੀਨ ਹੀ ਉਹਨਾਂ ਨੇ ਕੁਵਾ ਵਿੱਚ ਇਕ ਪ੍ਰਚਾਰ ਕੇਂਦਰ ਕਾਇਮ ਕੀਤਾ। ਇਸ ਸਥਾਨ ਉਤੇ ਪੀਣ ਵਾਲੇ ਪਾਣੀ ਦੀ ਕਾਫ਼ੀ ਘਾਟ ਸੀ। ਆਪ ਨੇ ਇਥੇ ਧਰਮਸ਼ਾਲਾ ਸਥਾਪਿਤ ਕੀਤੀ ਜਿਹੜੀ ਕਿ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਇਕ ਸੰਸਥਾ ਦੇ ਰੂਪ ਵਿੱਚ ਬਦਲ ਗਈ ਜਿਥੋਂ ਕਿ ਗ਼ਰੀਬ ਤੇ ਲੋੜਵੰਦਾਂ ਦੀ ਹਰ ਲੋੜ ਦੀ ਪੂਰਤੀ ਹੁੰਦੀ ਸੀ। ਸਵੇਰੇ ਸ਼ਾਮ ਕਥਾ ਤੇ ਕੀਰਤਨ ਦਾ ਪ੍ਰਵਾਹ ਚੱਲਦਾ ਰਹਿੰਦਾ। ਇਸ ਤਰ੍ਹਾਂ ਅਨੇਕ ਨਾਮ ਦੀਆਂ ਪਿਆਸੀਆਂ ਰੂਹਾਂ ਦੀ ਤ੍ਰਿਪਤੀ ਹੋਣ ਲੱਗ ਪਈ ਅਤੇ ਭਾਈ ਸਾਹਿਬ ਨੇ ਨਾਮ ਦੇ ਅਮੋਲਕ ਤੇ ਅਮੁੱਕ

ਖ਼ਜ਼ਾਨੇ ਨੂੰ ਵੰਡ ਕੇ ਛਕਣਾ ਸ਼ੁਰੂ ਕਰ ਦਿੱਤਾ ਜਿਸ ਦਾ ਕਿ ਗੁਰਬਾਣੀ ਵਿੱਚ ਹੁਕਮ ਕੀਤਾ ਗਿਆ ਹੈ :

ਖਾਵਹਿ ਖਰਚਹਿ ਰਲਿ ਮਿਲਿ ਭਾਈ ॥
ਤੋਟਿ ਨ ਆਵੈ ਵਧਦੋ ਜਾਈ ॥

(ਗਾਉੜੀ ਗੁਆਰੇਰੀ ਮਹਲਾ ੫, ਅੰਗ ੧੮੬)

ਭਾਈ ਘਨੱਈਆ ਜੀ ਨੂੰ ਸਹੀ ਅਰਥਾਂ ਵਿੱਚ ਸੇਵਾ ਸਿਮਰਨ ਦੇ ਧਨੀ, ਪਰਉਪਕਾਰ ਦੇ ਪੁੰਜ, ਮਾਨਵ ਪ੍ਰੇਮੀ ਦੀ ਸ਼ਾਂਤੀ ਦਾ ਅਮਨਦੂਤ ਆਖਿਆ ਜਾ ਸਕਦਾ ਹੈ। ਪਰਮਾਤਮਾ ਨਾਲ ਇਕਮਿਕਤਾ ਹਾਸਲ ਕਰ ਚੁੱਕੇ ਜੀ ਨੂੰ ਜੋ ਦੀਸੈ ਸੋ ਤੇਰਾ ਰੂਪੁ ਹੀ ਨਜ਼ਰ ਆਉਂਦਾ ਹੈ। ਉਹ ਸਾਰੇ ਪ੍ਰਾਣੀਆ ਨੂੰ ਆਪਣੇ ਭਰਾ ਸਮਝਦਾ ਹੈ। ਅਸਲ ਵਿੱਚ ਉਸ ਵਾਸਤੇ ਸਾਰਾ ਸੰਸਾਰ ਹੀ ਆਪਣਾ ਘਰ ਬਣ ਜਾਂਦਾ ਹੈ ਕਿਉਕਿ ਉਸ ਦਾ ਦ੍ਰਿੜ੍ਹ ਵਿਸ਼ਵਾਸ ਹੁੰਦਾ ਹੈ ਕਿ ਇਹ ਸੰਸਾਰ ਉਸ ਪਰਮਾਤਮਾ ਦਾ ਬਣਾਇਆ ਹੋਇਆ ਹੈ ਅਤੇ ਉਹ ਇਸ ਬ੍ਰਹਿਮੰਡ ਦੇ ਜ਼ਰੇ-ਜ਼ਰੇ ਵਿੱਚ ਵਿਦਮਾਨ ਹੈ :

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਆਸਾ ਦੀ ਵਾਰ, ਅੰਗ ੪੬੩)

ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਚੁੱਕਿਆ ਜੀਵ ਪ੍ਰਭੂ-ਪ੍ਰੇਮੀ ਦੀ ਦਾਤ ਨਾਲ ਭਰਪੂਰ ਹੁੰਦਾ ਹੈ ਅਤੇ ਉਸ ਅੰਦਰ ਮਨੁੱਖਤਾ ਦਾ ਪਿਆਰ ਕੁੱਟ-ਕੁੱਟ ਕੇ ਭਰ ਜਾਂਦਾ ਹੈ। ਗੁਰਮਤਿ ਵਿਚਾਰ-ਧਾਰਾ ਦਾ ਧਾਰਨੀ ਜੀਵ ਦੂਜੇ ਧਰਮਾਂ ਦੇ ਸਾਧਕਾਂ ਵਾਂਗ ਪਰਮਾਤਮਾ ਦੀ ਪ੍ਰਾਪਤੀ ਤੋਂ ਬਾਅਦ ਕ੍ਰਿਆਸ਼ੀਲ ਨਹੀਂ ਹੋ ਜਾਂਦਾ ਸਗੋਂ ਉਸ ਦਾ ਜੀਵਨ ਪ੍ਰਗਤੀਸ਼ੀਲ ਤੇ ਕ੍ਰਿਆਸ਼ੀਲ ਹੁੰਦਾ ਹੈ। ਉਹ ਨਿਰਭਉ-ਨਿਰਵੈਰ ਦਾ ਸਿਮਰਨ ਕਰਦਾ ਹੋਇਆ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ। ਉਸ ਦੇ ਮਨ ਅੰਦਰ ਸਭ ਲਈ ਦਇਆ ਅਤੇ ਤਰਸ ਦੀ ਭਾਵਨਾ ਪੈਦਾ ਹੋ ਜਾਂਦੀ ਹੈ। ਇਸ ਲਈ ਉਹ ਕਦੀ ਵੀ ਕਿਸੇ ਦਾ ਨਾ ਬੁਰਾ ਚਿਤਵਦਾ ਹੈ ਅਤੇ ਨਾ ਹੀ ਬੁਰਾ ਕਰਦਾ ਹੈ। ਬੱਸ ਉਸ ਦੇ ਅੰਦਰ ਤਾਂ ਪਰਉਪਕਾਰ ਕਰਨ ਦਾ ਹੀ ਚਾਉ ਉੱਠਦਾ ਹੈ। ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਉਂਦੇ ਹਨ :-

ਬ੍ਰਹਮ ਗਿਆਨੀ ਤੇ ਕਛੁ ਬੁਰਾ ਨਾ ਭਇਆ ॥ ......
ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥

(ਗਾਉੜੀ ਸੁਖਮਨੀ ਮ: ੫, ਅੰਗ ੨੭੨-੭੩)

ਬ੍ਰਹਮ-ਗਿਆਨੀ ਦੇ ਮਨ ਵਿੱਚ ਮਨੁੱਖਤਾ ਪ੍ਰਤੀ ਬਦਲੇ ਦੀ ਭਾਵਨਾ ਦੀ ਥਾਂ ਖਿਮਾ ਤੇ ਨਿਮਰਤਾ ਹੁੰਦੀ ਹੈ ਤੇ ਖਿਮਾ ਦੀ ਪੂਰਣਤਾ ਉਸ ਮਾਨਵ ਦੇ ਹਿਰਦੇ ਵਿੱਚ ਹੁੰਦੀ ਹੈ ਜਿਸ ਹਿਰਦੇ ਵਿੱਚ ਪ੍ਰਭੂ ਦੀ ਜੋਤ ਜਗਮਗਾ ਉੱਠਦੀ ਹੈ। ਗੁਰਬਾਣੀ ਵਿੱਚ ਭਗਤ ਕਬੀਰ ਜੀ ਫ਼ਰਮਾਉਂਦੇ ਹਨ।

"ਜਹਾ ਖਿਮਾ ਤਹ ਆਪਿ ॥"

(ਸਲੋਕ ਭਗਤ ਕਬੀਰ ਜੀਉ ਕੇ, ਅੰਗ ੧੩੭੨)

ਅਕਾਲ ਪੁਰਖ ਨਾਲ ਇਕਮਿਕ ਹੋਇਆ ਜੀਵ ਉਸਤਤ ਨਿੰਦਾ, ਮਾਨ ਅਪਮਾਨ, ਗਮੀ ਤੇ

ਖੁਸ਼ੀ ਆਦਿ ਸਾਰੀਆ ਅਵਸਥਾਵਾਂ ਵਿੱਚ ਸਮਾਨਤਾ ਭਾਵ ਸਮਦ੍ਰਿਸ਼ਟੀ ਨਾਲ ਵਿਚਾਰਦਾ ਹੈ। ਉਹ ਖੁਸ਼ੀ ਵੇਲੇ ਪਾਗਲ ਨਹੀਂ ਹੁੰਦਾ ਅਤੇ ਨਾ ਹੀ ਗਮੀ ਤੇ ਔਕੜ ਸਮੇਂ ਦੁਖੀ ਹੁੰਦਾ ਹੈ। ਉਸ ਦਾ ਜੀਵਨ ਉਲਾਰ ਨਹੀਂ ਹੁੰਦਾ ਸਗੋਂ ਉਹ ਇਹਨਾਂ ਸਾਰੀਆਂ ਹਾਲਤਾਂ ਵਿੱਚ ਨਿਰਲੇਪ ਹੋ ਕੇ ਵਿਚਰਦਾ ਹੈ। ਉਸ ਨੂੰ ਦੁਸ਼ਮਣ ਅਤੇ ਦੋਸਤ ਵਿੱਚ, ਆਪਣੇ ਅਤੇ ਪਰਾਏ ਵਿਚਕਾਰ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਇਹਨਾਂ ਸਦਗੁਣਾਂ ਨਾਲ ਭਰਪੂਰ ਜੀਵਨ ਹੀ ਭਾਈ ਘਨੱਈਆ ਜੀ ਨੇ ਜੀਵਿਆ। ਜਦੋਂ ਭਾਈ ਘਨੱਈਆ ਜੀ ਆਨੰਦਪੁਰ ਦੇ ਧਰਮ-ਯੁੱਧ ਵਿੱਚ ਸਿੰਘਾਂ ਅਤੇ ਮੁਗਲਾਂ ਨੂੰ ਜਲ ਛਕਾਉਣ ਦੀ ਸੇਵਾ ਕਰ ਰਹੇ ਸਨ ਤਾਂ ਉਨ੍ਹਾਂ ਦੇ ਨੇਤਰਾਂ ਨੂੰ ਹਰ ਫੱਟੜ ਵਿਅਕਤੀ "ਹਰਿ ਕਾ ਰੂਪੁ" ਨਜ਼ਰੀ ਆਇਆ। ਉਹਨਾਂ ਨੇ ਬਿਨਾਂ ਕਿਸੇ ਵਿਤਕਰੇ ਅਤੇ ਭੇਦ-ਭਾਵ ਦੇ ਲੜਾਈ ਦੇ ਸਾਰੇ ਫੱਟੜਾਂ ਨੂੰ ਪਾਣੀ ਪਿਆਇਆ। ਇਸ ਪ੍ਰਕਾਰ ਭਾਈ ਘਨੱਈਆ ਜੀ ਨੇ ਸਾਰੀ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਇਕ ਮਿਸਾਲ ਕਾਇਮ ਕੀਤੀ ਹੈ। ਜਿਸ ਦੀ ਉਦਾਹਰਣ ਅੱਜ ਤੱਕ ਨਹੀਂ ਮਿਲ ਸਕੀ। ਦੁਨੀਆਂ ਅੱਜ ਰੈੱਡਕਰਾਸ ਦੀ ਗੱਲ ਕਰ ਰਹੀ ਹੈ। ਪਰ ਭਾਈ ਘਨੱਈਆ ਜੀ ਨੇ 1704 ਈ: ਵਿੱਚ ਹੀ ਰੈੱਡਕਰਾਸ ਦੀ ਨੀਂਹ ਰੱਖ ਦਿੱਤੀ ਸੀ ਜਦੋਂ ਕਿਸੇ ਵਿਅਕਤੀ ਨੂੰ ਇਸ ਗੱਲ ਦਾ ਚਿੱਤ-ਚੇਤਾ ਵੀ ਨਹੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਸ ਬ੍ਰਹਮ-ਦ੍ਰਿਸ਼ਟੀ ਤੋਂ ਬਹੁਤ ਖੁਸ਼ ਹੋਏ ਅਤੇ ਆਪਣੇ ਕੋਲੋ ਇੱਕ ਮੱਲ੍ਹਮ ਦੀ ਡੱਬੀ ਦੇ ਕੇ ਜ਼ਖ਼ਮੀਆਂ ਦੀ ਮੱਲ੍ਹਮ-ਪੱਟੀ ਕਰਨ ਦਾ ਵੀ ਆਦੇਸ਼ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਸੰਨ-ਚਿਤ ਹੋ ਕੇ ਭਾਈ ਘਨੱਈਆ ਜੀ ਨੂੰ ਆਪਣਾ ਨਿੱਜੀ ਰੁਮਾਲ ਬਖ਼ਸ਼ਕੇ ਆਦੇਸ਼ ਕੀਤਾ ਕਿ ਉਹ ਆਪ ਤਾਂ ਪੁੱਗ ਚੁੱਕੇ ਹਨ, ਹੁਣ ਅਣਪੁੱਗਿਆ ਨੂੰ ਵੀ ਸੇਵਾ ਤੇ ਸਿਮਰਨ ਦੀ ਜਾਚ ਸਿਖਾਉਣ ਤੇ ਉਨ੍ਹਾਂ ਦਾ ਉਧਾਰ ਕਰਨ। ਸੂਰਜ ਪ੍ਰਕਾਸ਼ ਗ੍ਰੰਥ ਦੇ ਕਰਤਾ ਭਾਈ ਸੰਤੋਖ ਸਿੰਘ ਇਸ ਪ੍ਰਸੰਗ ਨੂੰ ਇਸ ਤਰ੍ਹਾਂ ਪ੍ਰਗਟਾਉਂਦੇ ਹਨ।

-ਧੰਨ ਜਨਮ ਅਪਨੋ ਇਨ ਕੀਨਾ। ਜਿਸਕੋ ਬਖਸ਼ੇ, ਹੁਇ ਦੁਖ ਹੀਨਾ॥
-ਇਹ ਭੀ ਅਪਨੋ ਪੰਥ ਪ੍ਰਕਾਸ਼ੈ। ਬਹੁ ਲੋਕਨ ਕੀ ਕੁਮਤਿ ਬਿਨਾਸ਼ੈ॥
-ਸੁਨਿ ਪ੍ਰਭੂ ਤੇ ਸਭਿ ਸਿੰਘ ਅਨੰਦੇ। ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ॥

(ਗੁਰ ਪ੍ਰਤਾਪ ਸੂਰਜ ਗ੍ਰੰਥ, ਰੁੱਤ ਛੇਵੀ, ਅੰਸੂ ੧੯, ਅੰਗ ੫੨੯੨-੯੩)

ਗੁਰੂ ਸਾਹਿਬ ਤੋਂ ਇਹ ਆਦੇਸ਼ ਪ੍ਰਾਪਤ ਕਰਕੇ ਆਪ ਮੁੜ ਕ੍ਵੇ ਪੁੱਜ ਗਏ ਅਤੇ ਉਥੇ ਦੁਖੀਆਂ, ਨਿਆਸਰਿਆਂ ਅਤੇ ਲੋੜਵੰਦਾਂ ਦੀ ਸੇਵਾ ਵਿੱਚ ਜੁਟ ਪਏ। ਇਸ ਪ੍ਰਕਾਰ ਭਾਈ ਘਨੱਈਆ ਜੀ ਲੁਕਾਈ ਦੀ ਸੇਵਾ ਕਰਦੇ ਹੋਏ 1718 ਈ: ਨੂੰ ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥" ਦੇ ਗੁਰਵਾਕ ਅਨੁਸਾਰ ਬ੍ਰਹਮ ਵਿੱਚ ਲੀਨ ਹੋ ਗਏ ਤੇ ਸੰਸਾਰ ਵਿੱਚ ਰਹਿੰਦੀ ਦੁਨੀਆਂ ਤੱਕ ਲਈ ਅਦੁੱਤੀ ਮਿਸਾਲ ਕਾਇਮ ਕਰਦੇ ਹੋਏ ਹਮੇਸ਼ਾਂ ਲਈ ਅਮਰ ਹੋ ਗਏ ਕਿਉਕਿ ਗੁਰਬਾਣੀ ਦਾ ਫ਼ਰਮਾਨ ਹੈ ਕਿ-

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

(ਗਉੜੀ ਸੁਖਮਨੀ ਮ: ੫, ਅੰਗ ੨੭੩)

# ਪਰਉਪਕਾਰੀ ਭਾਈ ਘਨੱਈਆ ਜੀ

-ਬਲਜੀਤ ਸਿੰਘ ਬੱਲੀ

ਉਂਗਲੀਆਂ ਤੇ ਗਿਣੇ ਜਾਣ ਵਾਲੇ ਵਿਅਕਤੀ ਐਸੇ ਹਨ, ਜਿਨ੍ਹਾਂ ਨੇ ਸੰਸਾਰ ਵਿੱਚ ਮਾਨਵ ਕਲਿਆਣ ਅਤੇ ਮਾਨਵ ਸੇਵਾ ਦੀਆਂ ਵਿਲੱਖਣ ਮਿਸਾਲਾਂ ਕਾਇਮ ਕਰਕੇ ਆਪਣੇ ਨਾਂਵਾਂ ਨੂੰ ਰੌਸ਼ਨ ਕੀਤਾ ਹੈ । ਪੈਸੇ- ਧੇਲੇ ਨਾਲ ਇਨਸਾਨ ਦੀ ਸੇਵਾ, ਸਹੀ ਮਾਅਨਿਆਂ ਵਿੱਚ ਸੇਵਾ ਨਹੀਂ ਕਹੀ ਜਾ ਸਕਦੀ । ਕਿਸੇ ਦੁੱਖ, ਤਕਲੀਫ, ਸੰਕਟ, ਸੰਤਾਪ ਵਿੱਚ ਗ੍ਰਸੇ ਇਨਸਾਨ ਨੂੰ ਜੋ ਮੌਤ ਦੀਆ ਘੜੀਆਂ ਗਿਣ ਰਿਹਾ ਹੋਵੇ-ਪਿਆਰ ਹਮਦਰਦੀ ਦੇ ਬੋਲ ਅਤੇ ਉਸਦੇ ਜ਼ਖਮਾਂ ਤੇ ਮੱਲ੍ਹਮ ਲਾ, ਉਸ ਦੀ ਤਨ ਤੇ ਮਨ ਦੀ ਪਿਆਸ ਬੁਝਾ ਦੇਣੀ ਹੀ ਅਸਲੀ ਸੇਵਾ ਅਖਵਾਉਂਦੀ ਹੈ । ਅਜਿਹੀ ਸੇਵਾ ਜੇਕਰ ਸਹੀ ਅਰਥਾਂ ਵਿੱਚ ਸੋਚਿਆ ਜਾਵੇ ਤਾਂ ਕੋਈ ਸੰਸਾਰੀ ਬੰਦਾ ਨਹੀਂ ਕਰ ਸਕਦਾ, ਸਗੋਂ ਸੰਸਾਰ ਵਿੱਚ ਰਹਿੰਦਿਆਂ, ਵਿਚਰਦਿਆਂ ਦੈਵੀ ਗੁਣਾਂ ਦਾ ਧਾਰਨੀ ਮਨੁੱਖ ਹੀ ਨਿਭਾ ਸਕਦਾ ਹੈ, ਜਿਸ ਨੂੰ ਮੋਹ-ਮਾਇਆ ਦੀਆਂ ਤਣੀਆਂ ਕਸ ਨਾ ਸਕਣ, ਜਿਸਨੂੰ ਕਾਮ-ਕਰੋਧ ਦੇ ਦੈਂਤ ਦੀ ਗੁਲਾਮੀ ਨਾ ਹੋਵੇ ਅਤੇ ਜਿਸਨੂੰ ਸੇਵਾ ਕਰਦਿਆਂ ਰੰਚਕ ਮਾਤਰ ਵੀ ਹਉਮੈਂ-ਹੰਕਾਰ ਨਾ ਗ੍ਰਸ ਸਕੇ ।

ਅਜਿਹੇ ਵਿਅਕਤੀ, ਅਰਥਾਤ ਰੱਬੀ ਜੀਊੜਿਆਂ ਵਿੱਚੋਂ ਹੀ ਮਹਾਨ ਪਰਉਪਕਾਰੀ ਭਾਈ ਘਨੱਈਆ ਜੀ, ਜਿਨ੍ਹਾਂ ਦੀਆਂ ਨਜ਼ਰਾ ਵਿੱਚ ਨਾ ਕੋਈ ਵੈਰੀ ਸੀ, ਨਾ ਕੋਈ ਬੇਗਾਨਾ । ਜੋ ਸਾਰੇ ਮਨੁੱਖਾਂ ਨੂੰ ਸਗਲ-ਸੰਗ ਵਿੱਚ ਜਾਣ ਹਉਮੈ ਨਹੀਂ, ਸਗੋਂ ਫ਼ਖਰ ਮਹਿਸੂਸ ਕਰਦੇ ਸਨ । ਭਾਈ ਘਨੱਈਆ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਸਿੱਖ ਹੋਣ ਦੇ ਨਾਤੇ ਇੱਕ ਸੱਚੇ-ਸੁੱਚੇ ਇਨਸਾਨ ਅਤੇ ਪ੍ਰਮਾਤਮਾ ਦੀ ਜੋਤ ਨਾਲ ਓਤ ਪ੍ਰੋਤ ਹੋਏ ਵਿਅਕਤੀ ਸਨ । ਇੱਕ ਬ੍ਰਹਮਗਿਆਨੀ ਲਈ ਇਹ ਜ਼ਰੂਰੀ ਨਹੀਂ ਕਿ ਉਹ ਗ੍ਰੰਥਾਂ, ਵੇਦਾਂ, ਪੁਰਾਨਾਂ ਦਾ ਗਿਆਤਾ ਹੋਵੇ । ਸਗੋਂ ਇੱਕ ਹਰੀ ਦੇ ਰੰਗ ਵਿੱਚ ਰੱਤਾ, ਸਹਿਜ ਅਵੱਸਥਾ ਵਿੱਚ ਵਿਚਰਦਾ ਮਨੁੱਖ ਵੀ ਬ੍ਰਹਮਗਿਆਨੀ ਹੋ ਸਕਦਾ ਹੈ, ਜਿਸਦੀ ਬਿਰਤੀ ਇੱਕ ਅਕਾਲਪੁਰਖ ਦੇ ਚਰਨਾਂ ਵਿੱਚ ਜੁੜੀ ਹੋਈ ਹੋਵੇ ਅਤੇ ਜੋ ਸੰਸਾਰ ਦੇ ਕਾਰ ਵਿਹਾਰ ਕਰਦਾ ਹੋਇਆ ਵੀ' ਨਾਮ ਨਿਰੰਜਨ ਚੀਤ' ਵਿੱਚ ਵਿਸ਼ਵਾਸ਼ ਰੱਖਦਿਆਂ ਇੱਕ ਪੂਰਨ ਨਿਰਲੇਪ ਜੀਵਨ ਬਿਤਾ ਰਿਹਾ ਹੋਵੇ । ਉਸ ਦੀ ਦ੍ਰਿਸ਼ਟੀ ਵਿੱਚ ਸਾਰੇ ਇਨਸਾਨਾਂ ਵਿੱਚ ਅਕਾਲ ਪੁਰਖ ਦੀ ਜੋਤ ਪ੍ਰਦਲਿੱਤ ਹੋਈ ਹੀ ਨਜ਼ਰ ਆਉਂਦੀ ਹੈ । ਇਸ ਲਈ ਤਾਂ ਭਾਈ ਘਨੱਈਆ ਜੀ ਵਰਗੇ ਮਹਾਂਪੁਰਖ ਗੁਰੂ ਅਮਰਦਾਸ ਜੀ ਦੇ ਇਨ੍ਹਾਂ ਬਚਨਾਂ ਵਿੱਚ ਵਿਸ਼ਵਾਸ਼ ਰੱਖਦੇ ਸਨ ।

ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ ਹਰਿ ਬਿਨੁ ਅਵਰੁ ਨ ਕੋਈ ॥
ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥

(ਰਾਮਕਲੀ ਮਹਲਾ ੩ ਅਨੰਦੁ, ਪੰਨਾ ੯੨੨)

ਅੱਜ ਦੀ ਦੁਨੀਆਂ ਵਿੱਚ ਅਸੀਂ ਵੇਖ ਰਹੇ ਹਾਂ-ਹਰ ਥਾਂ ਸੁਆਰਥ ਹੀ ਸੁਆਰਥ ਹੈ, ਜਿਸ ਕਾਰਨ ਦੁੱਖ ਹੈ, ਸੰਤਾਪ ਹੈ । ਕਰਿਝਣਾ ਹੈ, ਲਾਲਚ ਹੈ ਅਤੇ ਜ਼ੁਲਮ ਹੈ । ਇਕ ਦੂਜੇ ਨਾਲ ਵੈਰ-ਵਿਰੋਧ ਹੈ । ਇਨਸਾਨੀ ਰਵਾਦਾਰੀ ਨਹੀਂ, ਆਪਸੀ ਹਮਦਰਦੀ ਨਹੀਂ, ਨਿਸ਼ਕਾਮਤਾ ਨਹੀਂ, ਸੇਵਾ ਦੀ ਲਗਨ ਨਹੀਂ, ਸ਼ਾਂਤੀ ਨਹੀਂ । ਹਰ ਪਲ ਹਰ ਛਿਨ ਅਸੀਂ ਆਪਣੇ ਸੁਆਰਥ ਲਈ ਦੂਜਿਆਂ ਨਾਲ ਨਹੀਂ ਸਗੋਂ ਆਪਣਿਆਂ ਨਾਲ ਵੀ ਧੋਖਾ ਕਰਦੇ ਹਾਂ, ਫ਼ਰੇਬ ਕਰਦੇ ਹਾਂ, ਛਲ-ਕਪਟ ਕਰਦੇ ਅਤੇ ਜ਼ਾਹਰਾ ਦਿਖਾਵਿਆਂ ਰਾਹੀਂ ਆਪਣੇ ਆਪ ਨੂੰ ਉਹਨਾਂ ਦੇ ਹਮਦਰਦ ਅਤੇ ਹਿਤੈਸ਼ੀ ਜਾਹਿਰ ਕਰਦੇ ਹਾਂ । ਇਹੋ ਜਿਹੇ ਔਗੁਣਾਂ ਦੇ ਹੁੰਦਿਆਂ ਦੁਨੀਆਂ ਕਿਵੇਂ ਸੁਖੀ ਹੋ ਸਕਦੀ ਹੈ । ਜਿਹੜਾ ਇਨਸਾਨ ਦੀਨ-ਦੁਖੀ ਹੈ, ਉਸ ਲਈ ਕੌਣ ਹਮਦਰਦੀ ਕਰੇਗਾ, ਕੌਣ ਉਸ ਦੀ ਮਦਦ ਤੇ ਸੇਵਾ ਕਰੇਗਾ ? ਜ਼ਾਹਿਰ ਹੈ ਕਿ ਕੋਈ ਵੀ ਨਹੀਂ । ਪਰ ਕਹਿੰਦੇ ਹਨ ਕਿ ਕਿਸੇ ਚੀਜ਼ ਦਾ ਕਦੀ ਵਿਨਾਸ਼ ਨਹੀਂ ਹੁੰਦਾ-ਚੰਗਿਆਈ ਦਾ ਵੀ ਤੇ ਬੁਰਿਆਈ ਦਾ ਵੀ । ਬੁਰਿਆਈ ਤਾਂ ਆਪਣਾ ਅਸਰ ਦਿਖਾ ਕੇ, ਸਮੇਂ ਨਾਲ ਆਪਣੇ ਟਾਕਰੇ ਦੀ ਸ਼ਕਤੀ ਨਾਲ ਮੁਕਾਬਲਾ ਕਰਦਿਆਂ ਖ਼ਤਮ ਹੋ ਜਾਂਦੀ ਹੈ, ਪਰ ਚੰਗਿਆਈ ਦਾ ਫਲ ਹਮੇਸ਼ਾਂ ਚਿਰ-ਸਥਾਈ ਹੁੰਦਾ ਹੈ । ਭਾਈ ਘਨੱਈਆ ਜੀ ਦੇ ਜੀਵਨ ਦੀ ਖ਼ੁਸ਼ਬੋਈ ਅੱਜ ਵੀ ਅਸੀਂ ਮਾਣ ਰਹੇ ਹਾਂ । ਸੰਸਾਰ ਵਿੱਚ ਰੈੱਡਕਰਾਸ ਦੀ ਸੰਸਥਾ ਜਾਂ ਲਹਿਰ ਦਾ ਜਨਮਦਾਤਾ ਹੈਨਰੀ ਡਿਊਨੈਂਟ ਸੀ ਭਾਵੇਂ, ਪਰ ਇਸ ਦਾ ਬੀਜ ਤਾਂ ਭਾਈ ਘਨੱਈਆ ਜੀ ਹੀ ਬੋ ਗਏ ਸਨ । ਭਾਵੇਂ ਇਸ ਸੇਵਾ ਦਾ ਕੋਈ ਵੀ ਨਾਂ ਰੱਖ ਲਉ ।

ਅਸਾਂ ਹੁਣੇ ਪਿੱਛੇ ਜਿਹੇ ਹੀ ਵੇਖਿਆ ਹੈ । ਈਰਾਕ ਅਤੇ ਕੁਵੈਤ ਵਿਚ ਕਿੰਨਾ ਭੀਸ਼ਮ ਯੁੱਧ ਛਿੜਿਆ । ਅਮਰੀਕਾ ਅਤੇ ਉਸ ਦੇ ਸਾਥੀ ਦੇਸ਼ਾਂ ਨੇ ਈਰਾਕ ਦੇਸ਼ ਨੂੰ ਤਹਿਸ਼-ਨਹਿਸ ਕਰ ਦਿੱਤਾ । ਹਜ਼ਾਰਾਂ ਜਾਨਾਂ ਗਈਆਂ ਪਰ ਇਸ ਦੌਰਾਨ ਅਤੇ ਯੁੱਧ ਤੋਂ ਬਾਅਦ ਦੀ ਰੈੱਡਕਰਾਸ ਦੀ ਸੰਸਥਾ ਨੇ ਕੀ ਈਰਾਕ ਅਤੇ ਕੀ ਕੁਵੈਤ, ਦੋਹਾਂ ਮੁਲਕਾਂ ਦੇ ਦੀਨ-ਦੁਖੀਆਂ ਦੀ ਇੱਕੋ ਮਾਨਵੀ ਭਾਵਨਾ ਨਾਲ ਸੇਵਾ ਕੀਤੀ। ਇਸ ਸੰਸਥਾ ਲਈ ਕੋਈ ਦੁਸ਼ਮਣ ਨਹੀਂ ਸਮਝਿਆ ਜਾਂਦਾ । ਇੱਕੋ ਮਾਨਵੀ ਭਾਵਨਾ ਨਾਲ ਸੇਵਾ ਕੀਤੀ । ਇਸ ਸੰਸਥਾ ਲਈ ਕੋਈ ਦੁਸ਼ਮਣ ਨਹੀਂ ਸਮਝਿਆ ਜਾਂਦਾ । ਇਹ ਜਵਾਬ ਸ਼ਿਕਾਇਤ ਕਰਨ ਵਾਲੇ ਸਿੱਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ ਕਿ ਇਸ ਸੱਚੇ ਇਨਸਾਨ ਲਈ, ਚਾਹੇ ਉਹ ਮੁਸਲਮਾਨ ਹੈ ਚਾਹੇ ਸਿੱਖ ਜਾਂ ਹਿੰਦੂ ਜਾ ਕਿਸੇ ਹੋਰ ਧਰਮ ਦਾ, ਇਹਨਾਂ ਵਿੱਚ ਕੋਈ ਭਿੰਨ-ਭੇਦ ਨਹੀਂ ਹੁੰਦਾ । ਉਹ ਤਾਂ ਦੁਖੀ ਨੂੰ ਕਿਸੇ ਖ਼ਾਸ ਧਰਮ ਦੇ ਮਨੁੱਖ ਹੋਣ ਕਰਕੇ ਮਦਦ ਨਹੀਂ ਦੇ ਰਿਹਾ ਹੁੰਦਾ ਸਗੋਂ ਪਰਮਾਤਮਾ ਦਾ ਰੂਪ ਸਮਝ ਕੇ ਉਸ ਦੀ ਮੱਲ੍ਹਮ-ਪੱਟੀ ਕਰ ਰਿਹਾ ਹੁੰਦਾ ਹੈ । ਅਜਿਹੀ ਅਵਸਥਾ ਵਾਲੇ ਗੁਰਸਿੱਖ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਫ਼ਰਮਾਨ ਹੈ ।

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ ॥
ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ ॥੨॥੮॥

(ਗਉੜੀ ਸੁਖਮਨੀ ਮ: ੫, ਪੰਨਾ ੨੭੨)

ਸਮਦ੍ਰਿਸ਼ਟੀ ਵਾਲਾ ਇਨਸਾਨ ਹੀ ਬ੍ਰਹਮ-ਗਿਆਨੀ ਹੋਇਆ ਕਰਦਾ ਹੈ ਤੇ ਉਸੇ ਪਰਖ ਉੱਪਰ ਭਾਈ ਘਨੱਈਆ ਜੀ ਪੂਰੇ ਉੱਤਰੇ ਸਨ ।

ਸੇਵਾ ਪੰਥੀ ਸੰਪਰਦਾ ਧੰਨਤਾ ਯੋਗ ਹੈ, ਜੋ ਗਿਆਨ ਤੇ ਸੇਵਾ ਦਾ ਚਾਨਣ ਵੰਡਦੀ ਖਿਲੇਰਦੀ ਆਪਣੇ ਆਦਰਸ਼ਕ ਮਾਰਗ ਤੇ ਅੱਗੇ ਵੱਧਦੀ ਜਾ ਰਹੀ ਹੈ । ਅਸੀਂ ਵੇਖ ਰਹੇ ਹਾਂ ਕਿ ਸਾਡੇ ਗੁਰਦੁਆਰਿਆਂ ਵਿੱਚ ਰਾਜਨੀਤੀ ਨੇ ਉਹ ਗੰਦ ਪਾ ਦਿੱਤਾ ਹੈ ਕਿ ਸਾਨੂੰ ਇਹਨਾਂ-ਗਿਆਨ ਮੰਦਰਾਂ ਵਿੱਚੋਂ ਜੀਵਨ ਜੋਤ ਦਾ ਪ੍ਰਕਾਸ਼ ਲੈਣ ਦੀ ਥਾਂ ਸੁਆਰਥ ਤੇ ਕੀਨੇ ਭਰੀਆਂ ਲੜਾਈਆਂ ਦੀ ਬੂ ਆ ਰਹੀ ਹੈ, ਜਿਸ ਕਾਰਨ ਸਿੱਖੀ ਦਾ ਬੂਟਾ-ਜਿਸ ਨੂੰ ਦਸਾਂ ਗੁਰੂ ਸਾਹਿਬਾਂ ਨੇ ਆਪਣੇ ਜੀਵਨ ਦਾਨ ਦੇ ਕੇ ਸਿੰਜਿਆ ਤੇ ਵੱਡਾ ਕੀਤਾ ਸੀ, ਅੱਜ ਦੇ ਅਖੌਤੀ ਸਿੱਖ ਨੇਤਾਵਾਂ ਦੀ ਕਿਰਪਾ ਨਾਲ ਮੁਰਝਾਉਂਦਾ ਜਾਂ ਰਿਹਾ ਹੈ । ਇਸ ਬੂਟੇ ਨੂੰ ਸੇਵਾ-ਸਿਮਰਨ ਦਾ ਅੰਮ੍ਰਿਤਮਈ ਜਲ ਦੇ ਕੇ ਸਿੰਜਣ ਦੀ ਲੋੜ ਹੈ । ਇਸ ਬੂਟੇ ਨੂੰ ਮਜ਼ਬੂਤ ਬਣਾਉਣ ਲਈ ਭਾਈ ਘਨੱਈਆ ਜੀ ਵਰਗੇ ਮਾਲੀ ਦੀ ਜਰੂਰਤ ਹੈ ।

ਭਾਈ ਘਨੱਈਆ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁਸ਼ ਹੋ ਕੇ ਇੱਕ ਰੁਮਾਲਾ ਬਖ਼ਸ਼ਿਆ ਸੀ, ਜਿਸ ਨੂੰ ਹਮੇਸ਼ਾ ਸਤਿਕਾਰ ਵਜੋਂ ਆਪਣੇ ਸੀਸ ਤੇ ਸਜਾਈ ਰੱਖਦੇ ਸਨ । ਆਨੰਦਪੁਰ ਸਾਹਿਬ ਵਿੱਚ ਅਫ਼ਗਾਨੀ ਫ਼ੌਜ ਨਾਲ ਸਿੱਖ ਸੂਰਬੀਰਾਂ ਦੀ ਜਮ ਕੇ ਲੜਾਈ ਹੋਈ । ਇੱਕ ਅਫ਼ਗਾਨੀ ਫ਼ੌਜੀ ਅਫ਼ਸਰ ਨੂਰੀ ਸ਼ਾਹ ਵੀ ਇਸ ਲੜਾਈ ਵਿੱਚ ਹੋਰਨਾਂ ਫ਼ੌਜੀਆਂ ਨਾਲ ਬੁਰੀ ਤਰ੍ਹਾਂ ਘਾਇਲ ਹੋ ਗਿਆ । ਭਾਈ ਘਨੱਈਆ ਜੀ ਆਪਣੀ ਆਦਤ ਮੁਤਾਬਕ ਗੁਰੂ ਸਾਹਿਬ ਦੇ ਬਖ਼ਸ਼ੇ ਰੁਮਾਲੇ ਨੂੰ ਪਾਣੀ ਵਿੱਚ ਭਿਉਂ ਕੇ ਜਖ਼ਮੀਆਂ ਦੇ ਜ਼ਖਮ ਸਾਫ਼ ਕਰੀ ਜਾ ਰਹੇ ਸਨ ਅਤੇ ਨਾਲ-ਨਾਲ ਰੁਮਾਲਾ ਫਿਰ ਸਾਫ਼ ਕਰਕੇ, ਪਾਣੀ ਵਿੱਚ ਭਿਉਂ ਕੇ ਜ਼ਖ਼ਮੀਆਂ ਦੇ ਮੂੰਹ ਵਿੱਚ ਪਾਣੀ ਵੀ ਪਾਈ ਜਾਂਦੇ ਸਨ । ਨੂਰੀ ਸ਼ਾਹ ਭਾਈ ਜੀ ਦੀ ਸੇਵਾ ਤੇ ਮਿੱਠੇ ਬਚਨਾਂ ਨਾਲ ਛੇਤੀ ਹੀ ਰਾਜ਼ੀ ਹੋ ਗਿਆ । ਵਾਪਸ ਆਪਣੇ ਦੇਸ਼ ਪਰਤ ਕੇ ਨੂਰੀ ਸ਼ਾਹ ਨੇ ਭਾਈ ਘਨੱਈਆ ਜੀ ਦੀ ਸੇਵਾ ਦੀਆਂ ਗੱਲਾਂ ਦੱਸ-ਦੱਸ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖਾਂ ਦੇ ਗੁਰੂ ਗੋਬਿੰਦ ਸਿੰਘ ਨੇ ਆਪਣੇ ਅਨੇਕਾਂ ਮੁਰੀਦਾਂ ਨੂੰ ਸੇਵਾ ਤੇ ਸਿਮਰਨ ਦੀ ਦਾਤ ਬਖ਼ਸ਼ ਕੇ ਦੁਨੀਆਂ ਵਿੱਚ ਇੱਕ ਇਨਕਲਾਬੀ ਧਰਮ ਨੂੰ ਅੱਗੇ ਤੋਰਿਆ ਹੈ ।

ਕੀ ਅੱਜ ਤੁਸੀਂ, ਗੁਰੂ ਦੇ ਨਾਂ ਲੈਣ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸੀਸ ਨਿਵਾਉਣ ਵਾਲੇ ਸਿੱਖ ਆਪਣੇ ਆਪ ਨੂੰ ਸੱਚੇ ਸਿੱਖ ਅਖਵਾਉਣ ਦਾ ਹੱਕ ਰੱਖਦੇ ਹਾਂ ? ਕੀ ਭਾਈ ਘਨੱਈਆ ਜੀ ਦੀ ਸੇਵਾ ਦੀ ਰੰਚਕ ਮਾਤਰ ਹਿੱਸਾ ਵੀ ਸਾਡੇ ਜੀਵਨ ਵਿੱਚ ਮੌਜੂਦ ਹੈ ? ਸ਼ਾਇਦ ਬਿਲਕੁਲ ਨਹੀਂ । ਫਿਰ ਅਸੀਂ ਗੁਰੂ ਸਾਹਿਬਾਂ ਦੀਆਂ ਖ਼ੁਸ਼ੀਆਂ ਕਿਵੇਂ ਪ੍ਰਾਪਤ ਕਰ ਸਕਦੇ ਹਾਂ ? ਆਉ ! ਭਾਈ ਸਾਹਿਬ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿੱਚ ਸੇਵਾ-ਭਾਵਨਾ ਪੈਦਾ ਕਰੀਏ, ਇਨਸਾਨੀ ਰਵਾਦਾਰੀ ਤੇ ਹਮਦਰਦੀ ਪੈਦਾ ਕਰਕੇ ਤਪਦੇ ਪੰਜਾਬ ਵਿੱਚ ਠੰਡ ਵਰਤਾਈਏ ।

# ਅਨਮੋਲ ਬਚਨ

-ਸਤੀਸ਼ ਸ਼ਾਹਣੀ

❋ ਜੇ ਤੁਹਾਡਾ ਰੱਬ ਦੀ ਹੋਂਦ ਬਾਰੇ ਪੂਰਨ ਭਰੋਸਾ ਹੈ ਤਾਂ ਕਿਸੇ ਨਾਸਤਕ ਨੂੰ ਮਿਲਣੋ ਨਾ ਘਬਰਾਉ । ਹੋ ਸਕਦਾ ਹੈ ਕਿ ਤੁਹਾਡੇ ਵਿਚਾਰਾਂ ਤੇ ਕਰਤੱਵਾਂ ਤੋਂ ਪ੍ਰਭਾਵਤ ਹੋ ਕੇ ਉਹ ਵੀ ਪਰਮਾਰਥ ਵੱਲ ਤੁਰ ਪਵੇ ।

❋ अगर आप का भगवान में पूर्ण विश्वास है तो किसी नास्तिक को मिलने से घबराओ मत हो सकता है कि तुम्हारे विचारों और कर्त्तव्यों से प्रभावित हो कर वो भी प्रमार्थ के रास्ते पर चल पड़े ।

❋ If you have full faith in the existence of God, don't avoid to meet an athiest. It is possible that your ideas and duties may impress him and he may adopt the path of goodness.

❋ ਨਸ਼ਿਆਂ ਦਾ ਤਿਆਗ ਕਰੋ, ਨਸ਼ੇ ਜੀਵਨ ਅਤੇ ਸਰੀਰ ਨੂੰ ਬਰਬਾਦ ਕਰਦੇ ਹਨ ।

❋ नशो का त्याग करो, नशे जीवन और शरीर को बरबाद करते हैं ।

❋ Shun (avoid) narcotic drugs. These destroy our life and body.

❋ ਸੰਸਾਰਕ ਵਿਹਾਰ ਕਰਦਿਆਂ ਮਨੁੱਖ ਦਾ ਮਨੁੱਖੀ ਜਾਮੇ ਅੰਦਰ ਮੁੱਖ ਧਰਮ ਪਰਮਾਤਮਾ ਦੀ ਬੰਦਗੀ ਕਰਨਾ ਹੈ ।

❋ सांसारिक व्यवहार करते हुए मनुष्य का मनुष्य जन्म में मुख्य धर्म प्रमात्मा की भक्ति करना है ।

❋ In a world working as human being it is the formest duty of a human to pray to God.

❋ ਮਨੁੱਖੀ ਜੂਨ, ਜੋ ਸਭ ਜੂਨਾਂ ਤੋਂ ਉੱਤਮ ਹੈ ਦੀ ਉੱਚਤਾ ਪ੍ਰਭੂ ਸਿਮਰਨ ਵਿੱਚ ਹੈ । ਸਿਮਰਨ ਤੋਂ ਸੱਖਣਾ ਮਨੁੱਖ ਨੀਵਿਆਂ ਤੋਂ ਵੀ ਨੀਵਾਂ ਹੈ ।

❋ मनुष्य जन्म जो सब जन्मों से उत्तम है, की उत्रमता प्रभु-सिमरन में है । सिमरन के बिन मनुष्य नीचों से भी नीच है ।

❋ Human being is the supereme of all living things (creation) It's supermacy lies in memorising God. without this name (Simran) is the worst of all creatures.

## ਭਾਈ ਘਨੱਈਆ ਸਾਹਿਬ ਤੋਂ ਪ੍ਰਚਲਿਤ
## 'ਸੇਵਾ ਪੰਥੀ ਸੰਪਰਦਾਇ' ਨਾਲ ਸੰਬਧਿਤ ਪਾਵਨ
## ਸੇਵਾ ਅਸਥਾਨਾਂ (ਟਿਕਾਣਿਆਂ/ਡੇਰਿਆਂ) ਤੇ ਉਨ੍ਹਾਂ ਦੇ
# ਮੁੱਖ ਸੇਵਾਦਾਰਾਂ ਦੀ ਸੂਚੀ

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 1 | ਸ਼੍ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ, (ਨੂਰਪੁਰ ਥਲ) ਗੋਨਿਆਣਾ ਮੰਡੀ, ਬਠਿੰਡਾ -151201 | 0164 | (R) 2262012<br>Fax : 2262657<br>98140-04503 |
| 2 | ਸ਼੍ਰੀਮਾਨ ਮਹੰਤ ਮੱਖਣ ਸਿੰਘ ਜੀ 'ਸੇਵਾ ਪੰਥੀ' ਡੇਰਾ ਸੰਤ ਅਮੀਰ ਸਿੰਘ ਜੀ, ਗਲੀ ਸੱਤੋਵਾਲੀ, ਕਟੜਾ ਕਰਮ ਸਿੰਘ, ਅੰਮ੍ਰਿਤਸਰ-143001 | 0183 | 2528565<br>2529989<br>98150-45656 |
| 3 | ਸ਼੍ਰੀਮਾਨ ਮਹੰਤ ਗਜਬ ਸਿੰਘ ਜੀ 'ਸੇਵਾ ਪੰਥੀ' ਆਸ਼ਰਮ, ਸ਼ਹੀਦ ਊਧਮ ਸਿੰਘ ਨਗਰ, ਚਾਟੀਵਿੰਡ ਗੇਟ, ਅੰਮ੍ਰਿਤਸਰ-143001 | 0183 | 2482064<br>2483614<br>98150-22712 |
| 4 | ਸ਼੍ਰੀਮਾਨ ਸੰਤ ਸੁਰਿੰਦਰ ਸਿੰਘ ਜੀ 'ਸੇਵਾ ਪੰਥੀ' ਡੇਰਾ ਮਿੱਠਾ ਟਿਵਾਣਾ, ਚੌਕ ਬਾਬਾ ਸਾਹਿਬ, ਅੰਮ੍ਰਿਤਸਰ | 0183 | 2540357<br>98153-47111<br>92171-30590 |
| 5 | ਸ਼੍ਰੀਮਾਨ ਮਹੰਤ ਬਲਬੀਰ ਸਿੰਘ ਜੀ 'ਸੇਵਾ ਪੰਥੀ' ਡੇਰਾ ਮਹੰਤ ਭੋਲਾ ਸਿੰਘ ਜੀ, ਕਟੜਾ ਕਰਮ ਸਿੰਘ, ਕੰਬੋਆਂ ਵਾਲੀ ਗਲੀ, ਅੰਮ੍ਰਿਤਸਰ-143001 | 0183 | 2520563<br>98142-02563 |
| 6 | ਡੇਰਾ ਮਹੰਤ ਹਰਦਿੱਤ ਸਿੰਘ ਜੀ, ਕਟੜਾ ਮੋਹਰ ਸਿੰਘ, ਅੰਮ੍ਰਿਤਸਰ 143001 | | |
| 7 | ਸ਼੍ਰੀਮਾਨ ਮਹੰਤ ਪ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ' ਡੇਰਾ ਹਰੀ ਭਗਤਪੁਰਾ, ਮਿੱਠਾ ਟਿਵਾਣਾ, ਮਾਡਲ ਟਾਊਨ, ਹੁਸ਼ਿਆਰਪੁਰ-146001 | 01882 | 221547,222521<br>230462<br>98140-66012 |
| 8 | ਸ਼੍ਰੀਮਾਨ ਮਹੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ' ਡੇਰਾ ਭਾਈ ਸਹਾਈ ਸਿੰਘ ਜੀ, ਪਿੰਡ ਤੇ ਡਾਕ : ਸਲੇਮਪੁਰ, ਵਾਇਆ : ਪੁਰ-ਹੀਰ,ਹੁਸ਼ਿਆਰਪੁਰ-146001 | 01882 | 232349<br>98888-00050<br>98152-33522 |
| 9 | ਗੁਰਦੁਆਰਾ ਭਾਈ ਜਗਤਾ ਜੀ ਫੇਰੂਮਾਨ ਚੌਂਕ, ਮਹੁੱਲਾ ਹਰਨਾਮਪੁਰਾ-ਕੋਟਕਪੂਰਾ (ਸੰਤ ਪੂਰਨ ਸਿੰਘ) | 01635 | 226644<br>94171-05266 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 10 | ਸ਼੍ਰੀਮਾਨ ਮਹੰਤ ਸੁੰਦਰ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਰਾਮ ਕਿਸ਼ਨ ਜੀ, ਸ਼ੇਰਾਂਵਾਲਾ ਗੇਟ, ਪਟਿਆਲਾ-147001 | 0175 | 2216959<br>098720-95930 |
| 11 | ਸ਼੍ਰੀਮਾਨ ਮਹੰਤ ਦਿਲਬਾਗ ਸਿੰਘ ਜੀ 'ਸੇਵਾ ਪੰਥੀ' ਸੇਵਾ ਸਥਾਨ ਭਾਈ ਘਨੱਈਆ ਜੀ, ਸਾਹਮਣੇ ਰੇਲਵੇ ਸ਼ਟੇਸ਼ਨ, ਸ਼੍ਰੀ ਆਨੰਦਪੁਰ ਸਾਹਿਬ ਮਲਕੀਅਤ : ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:), ਅੰਮ੍ਰਿਤਸਰ । | 01887 | 232349<br>98152-33522<br>98888-00050 |
| 12 | ਮਹੰਤ ਜਗਮੋਹਨ ਸਿੰਘ ਜੀ 'ਸੇਵਾ ਪੰਥੀ' ਡੇਰਾ ਸੰਤਪੁਰਾ, ਯਮੁਨਾ ਨਗਰ, ਸੰਤ ਨਿਸਚਲ ਸਿੰਘ ਟ੍ਰਸਟ, ਯਮੁਨਾ ਨਗਰ, ਹਰਿਆਣਾ | 01732 | 227313<br>260913<br>098120-27313<br>094162-01313 |
| 13 | ਮਹੰਤ ਕਰਮਜੀਤ ਸਿੰਘ ਜੀ 'ਸੇਵਾ ਪੰਥੀ' ਡੇਰਾ ਸੰਤ ਨਿਸਚਲ ਸਿੰਘ ਜੌੜੀਆਂ, ਯਮੁਨਾਨਗਰ, (ਹਰਿਆਣਾ) । | 01732 | 297013<br>093155-13113<br>093553-27487 |
| 14 | ਸ਼੍ਰੀਮਾਨ ਮਹੰਤ ਹਰਬੰਸ ਸਿੰਘ ਜੀ 'ਸੇਵਾ ਪੰਥੀ' ਸੰਤ ਅੰਮ੍ਰਿਤਪਾਲ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਆਇਆ ਰਾਮ ਜੀ, 27/41, ਪੰਜਾਬੀ ਬਾਗ, ਦਿੱਲੀ-26 | 011 | 25227270,25227271<br>25224590<br>098999-38637<br>098106-73404 |
| 15 | ਸ਼੍ਰੀਮਾਨ ਮਹੰਤ ਹਰੀਸ਼ ਸ਼ਾਸਤਰੀ ਜੀ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, ਸੰਤਪੁਰਾ, ਸ਼ਾਸਤਰੀ ਮਾਰਕੀਟ, ਕੈਥਲ, ਹਰਿਆਣਾ :-136027 | 01746 | 223890 |
| 16 | ਸ਼੍ਰੀਮਾਨ ਮਹੰਤ ਪਰਮਜੀਤ ਸਿੰਘ ਜੀ 'ਸੇਵਾ ਪੰਥੀ ਟਿਕਾਣਾ ਭਾਈ ਮੂਲਾ ਸਾਹਿਬ ਜੀ, ਭਿਵਾਨੀ ਰੋਡ, ਰੋਹਤਕ-ਹਰਿਆਣਾ | 01262 | 231555<br>094160-50555<br>094166-30666 |
| 17 | ਸ਼੍ਰੀਮਾਨ ਮਹੰਤ ਗਜਬ ਸਿੰਘ 'ਸੇਵਾ ਪੰਥੀ' ਸੇਵਾ ਪੰਥੀ ਆਸ਼ਰਮ, ***R.L. 275,*** ਮਾਡਲ ਟਾਊਨ, ਰਿਵਾੜੀ, ਹਰਿਆਣਾ । | 01274 | 222712<br>253652<br>98150-22712 |
| 18 | ਸ਼੍ਰੀਮਾਨ ਮਹੰਤ ਹਰਨਾਮ ਸਿੰਘ ਜੀ 'ਸੇਵਾ ਪੰਥੀ' ਟਿਕਾਣਾ ਭਾਈ ਭੱਲਾ ਰਾਮ ਜੀ, ਕਲਾਨੌਰ, ਜਿਲ੍ਹਾ ਰੋਹਤਕ-ਹਰਿਆਣਾ-124113 | 01258 | 222550 |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 19 | ਸ਼੍ਰੀਮਾਨ ਮਹੰਤ ਮਹਿੰਦਰ ਸਿੰਘ ਜੀ 'ਸੇਵਾ ਪੰਥੀ' ਗੁਰਦੁਆਰਾ ਡੇਰਾ ਮੋਹਨਪੁਰਾ, ਆਰਾਕਸ਼ਾਂ ਰੋਡ, ਪਹਾੜਗੰਜ, ਨਵੀਂ ਦਿੱਲੀ-110055 | 011 | 23522905<br>093110-73481<br>098110-73481 |
| 20 | ਪ੍ਰਤਾਪ ਭਵਨ, ਨਜ਼ਦੀਕ ਭੀਮ ਗੋਡਾ, ਖੜਖੜੀ ਮੁਹੱਲਾ, ਹਰਿਦੁਆਰ-249401 ਪ੍ਰਬੰਧਕ :- ਸ਼੍ਰੀਮਾਨ ਮਹੰਤ ਪਰਮਜੀਤ ਸਿੰਘ ਜੀ 'ਸੇਵਾ ਪੰਥੀ', ਅੰਮ੍ਰਿਤਸਰ-143001 | 0133 | 2460154<br>2424154<br>094160-50555 |
| 21 | ਸੇਵਾ ਪੰਥੀ ਆਸ਼ਰਮ, ਕ੍ਰਿਸ਼ਨਾ ਮੰਦਰ, ਰਿਸ਼ੀਕੇਸ਼ ਰੋਡ, ਭੂਪਤਵਾਲਾ, ਹਰਿਦੁਆਰ-249401<br>ਮਲਕੀਅਤ ਅਤੇ ਪ੍ਰਬੰਧਕ : 'ਸੇਵਾ ਪੰਥੀ' ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ । | | |
| 22 | ਡੇਰਾ ਮਹੰਤ ਤਾਰਾ ਸਿੰਘ ਜੀ 'ਸੇਵਾ ਪੰਥੀ' ਚੌਂਕ ਚਿੜਾ, ਕਟੜਾ ਕਰਮ ਸਿੰਘ, ਅੰਮ੍ਰਿਤਸਰ, ਪ੍ਰਬੰਧਕ : ਸ਼੍ਰੀਮਾਨ ਸੰਤ ਚਮਕੌਰ ਸਿੰਘ ਜੀ 'ਸੇਵਾ ਪੰਥੀ' (ਅੰਮ੍ਰਿਤਸਰ) | 0183 | 2520381<br>94176-59532<br>98146-22428 |
| 23 | ਡੇਰਾ ਸੰਤਪੁਰਾ ਛੋਟੀ ਬਜ਼ਰੀਆਂ, ਗਾਜ਼ੀਆਬਾਦ-201001<br>ਪ੍ਰਬੰਧਕ :ਸ਼੍ਰੀਮਾਨ ਮਹੰਤ ਬਲਵੰਤ ਸਿੰਘ ਜੀ'ਸੇਵਾ ਪੰਥੀ' | | |
| 24 | ਡੇਰਾ ਬਾਬਾ ਸ਼ਾਮ ਸਿੰਘ ਜੀ 'ਸੇਵਾ ਪੰਥੀ' ਆਟਾ ਮੰਡੀ, ਅੰਮ੍ਰਿਤਸਰ-143001<br>ਪ੍ਰਬੰਧਕ : ਸ਼੍ਰੀਮਾਨ ਸੰਤ ਬਾਬਾ ਦਰਸ਼ਨ ਸਿੰਘ ਜੀ 'ਸੇਵਾ ਪੰਥੀ' | | |
| 25 | ਗੁ: ਭਾਈ ਜਗਤਾ ਜੀ ਸਾਹਿਬ (ਯਾਦਗਾਰ ਭਾਈ ਮੋਤੀ ਰਾਮ ਸਿੰਘ), ਨਵੀਨ ਨਗਰ, ਦਿੱਲੀ ਰੋਡ, ਸਹਾਰਨਪੁਰ । (ਮਹੰਤ ਕਾਹਨ ਸਿੰਘ 'ਸੇਵਾ ਪੰਥੀ') | 0132 | 2730875<br>98140-04503<br>93578-02828 |
| 26 | ਧਰਮਸ਼ਾਲਾ ਭਾਈ ਕਿਸ਼ਨ ਦਾਸ ਜੀ ਗੋਕਲ ਗੇਟ, ਰਿਵਾੜੀ-ਹਰਿਆਣਾ ਪ੍ਰਬੰਧਕ : ਸ਼੍ਰੀਮਾਨ ਮਹੰਤ ਗਜਬ ਸਿੰਘ ਜੀ 'ਸੇਵਾ ਪੰਥੀ' | | 98150-22712 |
| 27 | ਸ਼੍ਰੀਮਾਨ ਮਹੰਤ ਮਦਨ ਲਾਲ ਜੀ 'ਸੇਵਾ ਪੰਥੀ' ਗੁਰਦੁਆਰਾ ਧੰਨਾ ਜੀ, ਸੁਭਾਸ਼ ਗੇਟ, ਸਦਰ ਬਜ਼ਾਰ, ਕਰਨਾਲ, ਹਰਿਆਣਾ-132001 | | |

| ਲੜੀ ਨੰ: | ਮੁਖੀ ਸੇਵਾਦਾਰ ਸੰਤ-ਮਹੰਤ ਤੇ ਪਾਵਨ ਅਸਥਾਨ | ਕੋਡ ਨੰ: | ਫੋਨ ਨੰ: |
|---|---|---|---|
| 28 | ਸ਼੍ਰੀਮਾਨ ਮਹੰਤ ਰਾਮ ਪ੍ਰਕਾਸ਼ ਜੀ 'ਸੇਵਾ ਪੰਥੀ' ਕਲੰਦਰੀ ਗੇਟ, ਰਾਮ ਗਲੀ, ਕਰਨਾਲ-ਹਰਿਆਣਾ | | |
| 29 | ਸ਼੍ਰੀਮਾਨ ਸੰਤ ਸਤਿਨਾਮ ਸਿੰਘ ਜੀ 'ਸੇਵਾ ਪੰਥੀ' ਡੇਰਾ ਧਰਮਸ਼ਾਲਾ, ਮਹੰਤ ਬਾਬਾ ਜਵਾਹਰ ਸਿੰਘ ਜੀ ਮੁਹੱਲਾ ਗੁਰੂ ਸਰ ਊਨਾ ਸਾਹਿਬ-174303 | | |
| 30 | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਜੀ.ਟੀ.ਰੋਡ, ਮਲੋਟ, ਜਿਲ੍ਹਾ ਮੁਕਤਸਰ । ਮੁੱਖ ਸੇਵਾਦਾਰ : ਭਾਈ ਧਰਮ ਸਿੰਘ ਜੀ | 01637 | 260535<br>98159-69535 |
| 31 | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ ਬਸਤੀ ਹਿੰਮਤਪੁਰਾ, ਜੈਤੋ-ਜਿਲ੍ਹਾ ਫਰੀਦਕੋਟ । | 01635 | 232389 |
| 32 | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਯਾਦਗਰ ਬਾਬਾ ਬਚਨ ਸਿੰਘ ਜੌੜਾ ਤੁੰਗਵਾਲੀ, ਬਠਿੰਡਾ | | |
| 33 | ਗੁਰਦੁਆਰਾ ਭਾਈ ਜਗਤਾ ਜੀ ਸਾਹਿਬ, ਬਸਤੀ ਧਰਮਪੁਰਾ, ਬੁੱਢਲਾਡਾ-151502 | | |
| 34 | ਗੁਰਦੁਆਰਾ ਸੰਤ ਭਾਈ ਸੁਹੇਲ ਸਿੰਘ ਜੀ, ਨਵੀਂ ਬਸਤੀ, ਗੋਨਿਆਣਾ ਮੰਡੀ-151201 | 0164 | 2262612 |
| 35 | ਗੁਰਦੁਆਰਾ ਭਾਈ ਘਨੱਈਆ ਨਗਰ, ਰੇਲਵੇ ਫਾਟਕ, ਗੋਨਿਆਣਾ ਮੰਡੀ-151201 | | |
| 36 | ਡੇਰਾ ਭਾਈ ਮਹਾਂ ਸਿੰਘ 'ਸੇਵਾ ਪੰਥੀ' ਪਿੰਡ : ਗੜ੍ਹਾ, ਜਿਲ੍ਹਾ : ਜਲੰਧਰ । ਪ੍ਰਬੰਧਕ : ਸ਼੍ਰੀਮਾਨ ਮਹੰਤ ਗਜਬ ਸਿੰਘ ਜੀ 'ਸੇਵਾ ਪੰਥੀ' | 0183 | 2482064 |
| 37 | ਡੇਰਾ ਮਹੰਤ ਲੱਖੂ ਰਾਮ ਜੀ ਤਹਿਸੀਲ ਬਜ਼ਾਰ ਤਰਨ ਤਾਰਨ, ਜ਼ਿਲ੍ਹਾ ਅੰਮ੍ਰਿਤਸਰ । ਮਲਕੀਅਤ ਅਤੇ ਪ੍ਰਬੰਧਕ : 'ਸੇਵਾ ਪੰਥੀ' ਅੱਡਣ ਸ਼ਾਹੀ ਸਭਾ (ਰਜਿ:) ਅੰਮ੍ਰਿਤਸਰ । | 01852 | 222494 |
| 38 | ਆਸ਼ਰਮ ਹਰਦਰਸ਼ਨ ਦੁਆਰ,ਖੜਖੜੀ ਮੁਹੱਲਾ, ਪ੍ਰਾਈਵੇਟ ਗਲੀ, ਹਰਿਦੁਆਰ ਪ੍ਰਬੰਧਕ: ਸ਼੍ਰੀਮਾਨ ਮਹੰਤ ਹਰਬੰਸ ਸਿੰਘ ਜੀ 'ਸੇਵਾ ਪੰਥੀ' | 0133 | 2424154 |
| 39 | ਗੁਰਦੁਆਰਾ ਸੰਤ ਨਰੈਣ ਸਿੰਘ ਜੀ 'ਸੇਵਾ ਪੰਥੀ' ਵਾਰਡ ਨੰ: 7, ਪਾਣੀਪਤ-ਹਰਿਆਣਾ ਪ੍ਰਬੰਧਕ : ਭਾਈ ਜਸਵੰਤ ਸਿੰਘ ਜੀ | 01742 | 2643436 |
| 40 | ਗੁਰਦੁਆਰਾ ਭਾਈ ਜਗਤਾ ਜੀ ਨੇੜੇ ਟਰੱਕ ਯੂਨੀਅਨ, ਬਠਿੰਡਾ ਪ੍ਰਬੰਧਕ ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 0164 | 2221141 |
| 41 | ਗੁਰਦੁਆਰਾ ਭਾਈ ਜਗਤਾ ਜੀ ਹਾਂਸੀ (ਹਰਿਆਣਾ) ਪ੍ਰਬੰਧਕ : ਮਹੰਤ ਕਾਹਨ ਸਿੰਘ 'ਸੇਵਾ ਪੰਥੀ' | | |

# ਕੰਠ ਸ਼ੁੱਧ ਗੁਰਬਾਣੀ ਮੁਕਾਬਲੇ ਅਤੇ ਅਰਥ ਬੋਧ ਮੁਕਾਬਲੇ

ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੀਰਵਾਦ ਸਦਕਾ ਅਤੇ ਮਹੰਤ ਭਾਈ ਕਾਹਨ ਸਿੰਘ ਜੀ ਸੇਵਾ ਪੰਥੀ (ਟਿਕਾਣਾ ਭਾਈ ਜਗਤਾ ਜੀ ,ਗੋਨਿਆਣਾ ਮੰਡੀ ) ਦੇ ਸਹਿਯੋਗ ਨਾਲ ਨਿਤਨੇਮ ਬਾਣੀਆਂ ( ਜਪੁ ਜੀ, ਜਾਪੁ ਸਾਹਿਬ,ਤ੍ਵ ਪ੍ਰਸਾਦਿ ਸਵਯੈ (ਸ੍ਰਾਵਗ ਸੁਧ ਵਾਲੇ), ਅਨੰਦੁ ਸਾਹਿਬ, ਰਹਿਰਾਸ ਸਾਹਿਬ ( ਕਬਯੋ ਬਾਚ ਬੇਨਤੀ ਚੌਪਈ ਸਾਹਿਬ) ਅਤੇ ਸੋਹਿਲਾ ਸਾਹਿਬ ਜੀ ਦੇ ਕੰਠ ਸ਼ੁੱਧ ਗੁਰਬਾਣੀ ਅਤੇ ਅਰਥ ਬੋਧ ਮੁਕਾਬਲੇ ਕਰਵਾਏ ਜਾ ਰਹੇ ਹਨ ।

## ਮੁਕਾਬਲਿਆਂ ਦਾ ਵੇਰਵਾ

**ਮਿਤੀ 27 ਸਤੰਬਰ, 2008 ਦਿਨ ਸ਼ਨੀਵਾਰ**

ਕੰਠ ਸ਼ੁੱਧ ਗੁਰਬਾਣੀ ਅਤੇ ਅਰਥ ਬੋਧ ਦੇ ਸੈਮੀਫਾਈਨਲ ਮੁਕਾਬਲੇ...................ਸਵੇਰੇ 9-00 ਵਜੇ

**ਮਿਤੀ 28 ਸਤੰਬਰ, 2008 ਦਿਨ ਐਤਵਾਰ**

ਅਰਥ ਬੋਧ ਦੇ ਅਤੇ ਅੰਮ੍ਰਿਤ ਵੇਲਾ ਸਚੁ ਨਾਉ ਤੇ ਵਿਚਾਰ ਫਾਈਨਲ ਮੁਕਾਬਲੇ.....ਸਵੇਰੇ 9-00 ਵਜੇ

**ਸਥਾਨ : ਟਿਕਾਣਾ ਭਾਈ ਜਗਤਾ ਜੀ ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)**

ਮੁਕਾਬਲਿਆਂ ਦੇ ਨਿਯਮ : 1. ਇਸ ਮੁਕਾਬਲੇ ਵਿੱਚ ਬਿਨਾ ਕਿਸੇ ਜਾਤ, ਕਿਸੇ ਜਾਤ, ਕਿਸੇ ਉਮਰ ਵਰਗ, ਆਦਿ ਦਾ ਵਿਅਕਤੀ ਹਿੱਸਾ ਲੈ ਸਕਦਾ ਹੈ । 2. ਟੀਕਾ ਪ੍ਰੋਫੈਸਰ ਸਾਹਿਬ ਸਿੰਘ ਜੀ ਦਾ ਮਾਨਯ ਹੋਵੇਗਾ (ਜੇ ਕੋਈ ਵਿਦਿਆਰਥੀ ਕਿਸੇ ਹੋਰ ਵਿਦਵਾਨ ਦੀ ਵਿਚਾਰ ਦੇਣਾ ਚਾਹੇ ਤਾਂ ਦੇ ਸਕਦਾ ਹੈ) । 3. ਮੁਕਾਬਲਿਆਂ ਦੇ ਫਾਰਮ 15 ਸਤੰਬਰ ਤੋਂ ਪਹਿਲਾਂ ਜਨਰਲ ਦਫ਼ਤਰ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਪਹੁੰਚਣੇ ਜ਼ਰੂਰੀ ਹਨ । 4. ਲੰਗਰ-ਪਾਣੀ ਅਤੇ ਰਹਿਣ ਦਾ ਪਰ੍ਬੰਧ ਪ੍ਰਬੰਧਕਾਂ ਵੱਲੋਂ ਹੋਵੇਗਾ । 5. ਫਾਰਮ ਦੀ ਭੇਟਾ 20 ਰੁਪਏ ਹੋਵੇਗੀ । 6. ਸਾਰੇ ਵਿਦਿਆਰਥੀ ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨ । 7. ਮੁਕਾਬਲਿਆਂ ਦੇ ਫਾਰਮ ਜੁਲਾਈ ਤੋਂ ਸਤੰਬਰ ਤੱਕ ਧਾਰਮਿਕ ਪੁਸਤਕਾਂ 'ਸੇਵਾ ਜੋਤੀ, ਮਿਸ਼ਨਰੀ ਸੇਧਾਂ ਅਤੇ ਸਿੱਖ ਫੁਲਵਾੜੀ ਰਾਹੀਂ ਪ੍ਰਾਪਤ ਹੋਣਗੇ । 8. ਜੱਜਾਂ ਦਾ ਫੈਸਲਾ ਅੰਤਿਮ ਹੋਵੇਗਾ ।

## ਇਨਾਮਾਂ ਦਾ ਵੇਰਵਾ :

ਪਹਿਲਾ ਇਨਾਮ : ਗੁਰੂ ਦੀ ਬਖਸ਼ਿਸ਼ ਸਿਰਪਾਓ ਅਤੇ 3100 ਰੁਪਏ ਇਨਾਮ ਦਿੱਤਾ ਜਾਵੇਗਾ ।

ਦੂਜਾ ਇਨਾਮ : ਗੁਰੂ ਦੀ ਬਖਸ਼ਿਸ਼ ਸਿਰਪਾਓ ਅਤੇ 2100 ਰੁਪਏ ਇਨਾਮ ਦਿੱਤਾ ਜਾਵੇਗਾ ।

ਤੀਜਾ ਇਨਾਮ : ਗੁਰੂ ਦੀ ਬਖਸ਼ਿਸ਼ ਸਿਰਪਾਓ ਅਤੇ 1100 ਰੁਪਏ ਇਨਾਮ ਦਿੱਤਾ ਜਾਵੇਗਾ ।

## ਪ੍ਰਵੇਸ਼ ਫਾਰਮ

### ਕੰਠ ਸ਼ੁੱਧ ਗੁਰਬਾਣੀ ਅਤੇ ਅਰਥ ਬੋਧ ਮੁਕਾਬਲੇ -ਸਾਲ 2008

ਸੇਵਾ ਪੰਥੀ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

1. ਵਿਦਿਆਰਥੀ ਦਾ ਨਾਮ..........................................................................
2. ਪਿਤਾ ਦਾ ਨਾਮ..................................................................................
3. ਉਮਰ (ਜਨਮ ਮਿਤੀ ਅੰਕਿਤ ਕਰੋ)..........................................................
4. ਪੂਰਾ ਪਤਾ........................................................................................

..........................................................................................................

5. ਭਾਗ ਲੈਣ ਵਾਲੇ ਦੇ ਹਸਤਾਖਰ..............................................................

ਨੋਟ : 1 ਗੁਰਬਾਣੀ ਉਚਾਰਣ, ਪ੍ਰਤੀਯੋਗਤਾ ਮਿਤੀ..........................................ਨੂੰ ਹੋਵੇਗੀ ।

2. ਫਾਰਮ ਭਰ ਕੇ ਦੇਣ ਦੀ ਆਖਰੀ ਮਿਤੀ 15-9-08

ਵਧੇਰੇ ਜਾਣਕਾਰੀ ਲਈ ਸੰਪਰਕ : 98140-04503, 98771-50973, 98557-23895

ਵੱਲੋਂ : ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ', ਸੇਵਾ ਪੰਥੀ ਗੁਰਮਤਿ ਵਿਦਿਆਲਾ ਟਿਕਾਣਾ ਭਾਈ ਜਗਤਾ ਜੀ ਗੋਨਿ: (ਬਠਿੰਡਾ)

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਦਫ਼ਤਰ ਇੰਚਾਰਜ : ਸਿਲਵੰਤ ਕੌਰ

ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਸਿੱਖ ਕੋਚਰ, M A CIC, 28 ਸਾਲ 5'3½" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1338)
2. ਅਰੋੜਾ ਸਿੱਖ ਮੱਕੜ, M.A. B.ed., 27 ਸਾਲ, 5' 4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1339)
3. ਅਰੋੜਾ ਸਿੱਖ ਅਛਰੇਜਾ, MA Eco., MBA, 22 ਸਾਲ, 5'8" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1340)
4. ਜੱਟ ਸਿੱਖ ਸਿੱਧੂ ਬਰਾੜ, MBBS DG, 29 ਸਾਲ, 5'7½"Service in Army ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1341)

## ਕੰਨਿਆ ਦੀ ਲੋੜ

1. ਹਿੰਦੂ ਖੁਰਾਣਾ, Matric., 27 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old Box No. 3024)
2. ਅਰੋੜਾ ਸਿੱਖ ਅਨੇਜਾ, B.A., 28 ਸਾਲ, 5'8" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Old Box No. 3257)
3. ਜੱਟ ਸਿੱਖ ਬਾਜਵਾ, Matric., 34 ਸਾਲ, (ਹੈਡੀਕੈਪ) ਵਿਦੇਸ਼ੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3259)
4. ਅਰੋੜਾ ਸਿੱਖ ਬਵੇਜਾ, M.A. in marketing, MBA (UK) 27 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3260)

ਸ਼੍ਰੀਮਾਨ ਸੰਤ ਬਾਬਾ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ' (ਰਜਿ:) 'ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਸਤੰਬਰ 2008 ਨੂੰ ਜਾਰੀ ਕੀਤਾ।

Bhai Kanhaiya Sewa Joti (Monthly) R.N.I. Regd. No. 046716/84
Postal Regd. No. PB/BTI-1002/2006-2008, Dt. 3-12-2005

ਂਡਾ (ਪੰਜਾਬ)

ੱਕ),

-ਪੱਤਰ ਕਰਨ
ਸਟਰਡ ਪੱਤਰ
ਕੀ ਦਾ ਰਿਸ਼ਤਾ
ਨੀ।

ਲੋੜ ਹੈ।
ox No. 1338)
ੀ ਲੋੜ ਹੈ।
ox No. 1339)
ਵਰ ਦੀ ਲੋੜ ਹੈ।
ox No. 1340)
ny ਲੜਕੀ ਲਈ
ox No. 1341)


ox No. 3024)
ੜ ਹੈ।
ox No. 3257)
ੰਨਿਆ ਦੀ ਲੋੜ
ox No. 3259)
ੜਕੇ ਲਈ ਯੋਗ
ox No. 3260)

ਤੋਂ ਛਪਵਾ ਕੇ
ਗਿਆਣਾ ਮੰਡੀ,

o. 046716/84








ਭਾਈ ਘਨੱਈਆ ਜੀ ਨੇ ਪਿੰਡ ਕਵ੍ਹੇ (ਪਾਕਿਸਤਾਨ) ਵਿਖੇ ਸਤਿਸੰਗ ਕਰਨ, ਰਾਹੀਆਂ, ਪਾਂਧੀਆਂ ਦੀ ਸੇਵਾ ਲਈ ਧਰਮਸ਼ਾਲਾ ਕਾਇਮ ਕੀਤੀ।




ਭਾਈ ਘਨੱਈਆ ਜੀ ਜੰਗਾਂ, ਯੁੱਧਾਂ ਵਿੱਚ ਵੈਰੀ-ਮਿੱਤਰ ਨੂੰ ਇੱਕ ਸਮਾਨ ਜਲ ਛਕਾਉਂਦੇ ਹੋਏ।



ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਘਨੱਈਆ ਜੀ ਦੀ ਨਿਸ਼ਕਾਮ ਤੇ ਅਦੁੱਤੀ ਸੇਵਾ ਤੋਂ ਖੁਸ਼ ਹੋ ਕੇ ਮਰ੍ਹਮ ਦੀ ਡੱਬੀ ਬਖਸ਼ਿਸ਼ ਕੀਤੀ ਤੇ ਵਰਦਾਨ ਦਿੱਤਾ 'ਇਹ ਭੀ ਆਪਣੇ ਪੰਥ ਪ੍ਰਕਾਸ਼ੈ'

Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005




Designed by : Nindi Amarjit